# ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

To view our online newspaper visit punjabipost.ca/epaper | Vol 22* Issue 88 | Friday, May 05, 2023 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ



JOSHI LAW OFFICE
Barrister, Solicitor & Notary Public
❖ Immigration
❖ Real Estate
❖ Commercial Law
❖ Affidavit
❖ Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6


## ਅੰਦਰ ਇਹ ਵੀ ਪੜ੍ਹੋ


ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅੰਤਿਮ ਅਰਦਾਸ ਵਿਚ ਪਿੰਡ ਬਾਦਲ ਵਿਚ ਜਨ ਸੈਲਾਬ ਉਮੜਿਆ



ਪੰਨਾ 08

ਧੀਰੇਂਦਰ ਬ੍ਰਹਮਚਾਰੀ, ਚੰਦਰਾਸਵਾਮੀ, ਕਿਰਨ ਪਟੇਲ ਦੇ ਬਾਅਦ ਸੰਜੇ ਸ਼ੇਰਪੁਰੀਆ, ਇਹ ਹੋ ਕੀ ਰਿਹੈ !

ਜਤਿੰਦਰ ਪਨੂੰ ਦੀ ਕਲਮ ਤੋਂ



ਪੰਨਾ 06


# ਬਿਕਰਮ ਢਿੱਲੋਂ ਤੇ ਪਰਿਵਾਰ ਦੇ ਨਾਂ ਉੱਤੇ ਰੱਖਿਆ ਗਿਆ ਬਰੈਂਪਟਨ ਸਿਵਿਕ ਦੇ ਦੱਖਣੀ ਟਾਵਰ ਦਾ ਨਾਂ



ਬਰੈਂਪਟਨ, 4 ਮਈ (ਪੋਸਟ ਬਿਊਰੋ) : ਬੀਤੇ ਦਿਨੀਂ ਬਰੈਂਪਟਨ ਸਿਵਿਕ ਹਸਪਤਾਲ ਦੇ ਦੱਖਣੀ ਟਾਵਰ ਦਾ ਨਾਂ ਬਿਕਰਮ ਸਿੰਘ ਢਿੱਲੋਂ ਤੇ ਉਨ੍ਹਾਂ ਦੇ ਪਰਿਵਾਰ ਦੇ ਨਾਂ ਉੱਤੇ ਰੱਖਿਆ ਗਿਆ ਤੇ ਇਸ ਮੌਕੇ ਬਿਕਰਮ ਤੇ ਵਰਿੰਦਰ ਢਿੱਲੋਂ ਆਪਣੇ ਪਰਿਵਾਰ ਤੇ ਬੱਚਿਆਂ ਸਮੇਤ ਉੱਥੇ ਮੌਜੂਦ ਸਨ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਜੂਨ ਵਿੱਚ ਬੀਵੀਡੀ ਗਰੁੱਪ ਵੱਲੋਂ ਵਿਲੀਅਮ ਓਸਲਰ ਹੈਲਥ ਸਿਸਟਮ (ਓਸਲਰ) ਨੂੰ 10 ਮਿਲੀਅਨ ਡਾਲਰ ਡੋਨੇਸ਼ਨ ਵਜੋਂ ਦਿੱਤੇ ਗਏ। ਹਸਪਤਾਲ ਦੇ ਟਾਵਰ ਦਾ ਇੰਜ ਨਾਂ ਰੱਖੇ ਜਾਣ ਦਾ ਇਹ ਆਪਣੀ ਕਿਸਮ ਦਾ ਪਹਿਲਾ ਮਾਮਲਾ ਹੈ। ਉੱਤਰੀ ਅਮਰੀਕਾ ਦੀ ਟਰਾਂਸਪੋਰਟੇਸ਼ਨ ਇੰਡਸਟਰੀ ਦੀ ਸੇਵਾ ਕਰਨ ਵਾਲੇ ਬੀਵੀਡੀ ਗਰੁੱਪ ਦੇ ਸੀਈਓ ਬਿਕਰਮ ਢਿੱਲੋਂ ਤੇ ਉਨ੍ਹਾਂ ਦਾ ਪਰਿਵਾਰ ਹਨ। ਇਸ ਗਰੁੱਪ ਵੱਲੋਂ ਦਿੱਤੇ ਗਈ ਮਾਲੀ ਮਦਦ ਨਾਲ ਆਉਣ ਵਾਲੇ ਕਈ ਸਾਲਾਂ ਤੱਕ ਬਰੈਂਪਟਨ ਤੇ ਇਟੋਬੀਕੋ ਵਿੱਚ ਹੈਲਥ ਕੇਅਰ ਨੂੰ ਮਜ਼ਬੂਤ ਕਰਨ ਵਿੱਚ ਮਦਦ ਮਿਲੇਗੀ। ਇਸ ਪੈਸੇ ਨਾਲ ਓਸਲਰ ਵਿੱਚ ਕਈ ਨਵੇਂ ਇਕਿਉਪਮੈਂਟ ਆ ਸਕਣਗੇ ਤੇ ਇਸ ਦਾ ਕਈ ਪੱਖਾਂ ਤੋਂ ਵਿਕਾਸ ਹੋ ਸਕੇਗਾ।

ਵਿਲੀਅਮ ਓਸਲਰ ਹੈਲਥ ਸਿਸਟਮ ਫਾਊਂਡੇਸ਼ਨ ਦੇ ਪ੍ਰੈਜ਼ੀਡੈਂਟ ਤੇ ਸੀਈਓ ਕੈਨ ਮੇਅਹਿਊ ਨੇ ਆਖਿਆ ਕਿ ਬੀਵੀਡੀ ਗਰੁੱਪ ਵੱਲੋਂ ਦਿੱਤੀ ਗਈ ਇਹ ਡੋਨੇਸ਼ਨ ਸਿਰਫ ਮਾਲੀ ਮਦਦ ਹੀ ਨਹੀਂ ਹੈ ਸਗੋਂ ਇਸ ਨਾਲ ਸਾਡੀਆਂ ਕਮਿਊਨਿਟੀਜ਼ ਦੀ ਸਿਹਤ ਵਿੱਚ ਸੁਧਾਰ ਪ੍ਰਤੀ ਸਾਡੀ ਵਚਨਬੱਧਤਾ ਵੀ ਝਲਕਦੀ ਹੈ। ਦੱਖਣੀ ਟਾਵਰ ਦਾ ਨਾਂ ਹੁਣ ਢਿੱਲੋਂ ਪਰਿਵਾਰ ਦੇ ਨਾਂ ਉੱਤੇ ਬੋਲੇਗਾ ਤੇ ਇਸ ਨਾਲ ਉਨ੍ਹਾਂ ਦੀ ਕਮਿਊਨਿਟੀ ਦੀ ਸੇਵਾ ਕਰਨ ਦੀ ਲਲਕ ਵੀ ਸਾਫ ਨਜ਼ਰ ਆਵੇਗੀ। ਵਿਲੀਅਮ ਓਸਲਰ ਹੈਲਥ ਸਿਸਟਮ ਦੇ ਪ੍ਰੈਜ਼ੀਡੈਂਟ ਤੇ ਸੀਈਓ ਡਾ. ਫਰੈਂਕ ਮਾਰਟੀਨੋ ਨੇ ਆਖਿਆ ਕਿ ਢਿੱਲੋਂ ਪਰਿਵਾਰ ਵਾਂਗ ਹੀ ਕਮਿਊਨਿਟੀ ਆਗੂਆਂ ਦੇ ਸਮਰਥਨ ਨਾਲ ਓਸਲਰ ਭਵਿੱਖ ਲਈ ਹੈਲਥ ਸਿਸਟਮ ਦਾ ਨਿਰਮਾਣ ਕਰ ਰਿਹਾ ਹੈ। ਉਨ੍ਹਾਂ ਇਸ ਤਰ੍ਹਾਂ ਦੀ ਸੁਚੱਜੀ ਅਗਵਾਈ ਲਈ ਢਿੱਲੋਂ ਪਰਿਵਾਰ ਤੇ ਬੀਵੀਡੀ ਗਰੁੱਪ ਦਾ ਧੰਨਵਾਦ ਵੀ ਅਦਾ ਕੀਤਾ। ਇਸ ਮੌਕੇ ਬੀਵੀਡੀ ਗਰੁੱਪ ਦੇ ਸੀਈਓ ਬਿਕਰਮ ਢਿੱਲੋਂ ਨੇ ਆਖਿਆ ਕਿ ਉਨ੍ਹਾਂ ਦੇ ਚਾਰੇ ਬੱਚੇ ਤੇ ਨੌਂ ਗ੍ਰੈਂਡਚਿਲਡਰਨ ਓਸਲਰ ਹਸਪਤਾਲ ਵਿੱਚ ਹੀ ਪੈਦਾ ਹੋਏ। ਇਸ ਲਈ ਆਪਣੇ ਪਰਿਵਾਰ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਵਿੱਚ ਮਦਦ ਕਰਨਾ ਸਾਡੀ ਜ਼ਿੰਮੇਵਾਰੀ ਬਣਦੀ ਹੈ।

# ਕਿੰਗ ਚਾਰਲਸ ਨੇ ਕੈਨੇਡਾ ਦੀ ਗਵਰਨਰ ਜਨਰਲ ਤੇ ਤਿੰਨ ਮੂਲਵਾਸੀ ਆਗੂਆਂ ਨਾਲ ਕੀਤੀ ਮੁਲਾਕਾਤ



ਲੰਡਨ, 4 ਮਈ (ਪੋਸਟ ਬਿਊਰੋ) : ਵੀਰਵਾਰ ਨੂੰ ਕਿੰਗ ਚਾਰਲਸ ਨੇ ਕੈਨੇਡਾ ਦੇ ਮੂਲਵਾਸੀ ਆਗੂਆਂ ਤੇ ਗਵਰਨਰ ਜਨਰਲ ਨਾਲ ਮੁਲਾਕਾਤ ਕੀਤੀ।

ਬਕਿੰਘਮ ਪੈਲੇਸ ਵਿੱਚ ਮੌਜੂਦ ਦਰਸ਼ਕਾਂ ਵਿੱਚ ਅਸੈਂਬਲੀ ਆਫ ਫਰਸਟ ਨੇਸ਼ਨਜ਼ ਦੇ ਚੀਫ ਰੋਜ਼ਐਨ ਆਰਕਬਾਲਡ, ਮੈਟਿਸ ਨੈਸ਼ਨਲ ਕਾਊਂਸਲ ਪ੍ਰੈਜ਼ੀਡੈਂਟ ਕੈਸਿਡੀ ਕੈਰਨ ਤੇ ਇਨੁਇਟ ਤਾਪਿਰਿਤ ਕਾਨਤਾਮੀ ਪ੍ਰੈਜ਼ੀਡੈਂਟ ਨਤਾਨ ਓਬੈਡ ਸ਼ਾਮਲ ਹੋਣਗੇ ਜਿਹੜੇ ਸ਼ਨਿੱਚਰਵਾਰ ਨੂੰ ਹੋਣ ਜਾ ਰਹੀ ਤਾਜਪੋਸ਼ੀ ਵਿੱਚ ਹਿੱਸਾ ਲੈਣਗੇ। ਇੱਕ ਬਿਆਨ ਵਿੱਚ ਗਵਰਨਰ ਜਨਰਲ ਮੈਰੀ ਸਾਈਮਨ ਨੇ ਆਖਿਆ ਕਿ ਅੱਜ ਦਾ ਦਿਨ ਕੈਨੇਡਾ ਦੇ ਮੂਲਵਾਸੀ ਲੋਕਾਂ ਤੇ ਕਿੰਗ ਨਾਲ ਸਾਡੇ ਸਬੰਧਾਂ ਲਈ ਕਾਫੀ ਇਤਿਹਾਸਕ ਸੀ। ਮੂਲਵਾਸੀ ਲੋਕਾਂ ਨਾਲ ਮੁਲਾਕਾਤ ਵਿੱਚ ਕਿੰਗ ਚਾਰਲਸ ਨੇ ਸੁਲ੍ਹਾ ਸਬੰਧੀ ਆਪਣੀ ਵਚਨਬੱਧਤਾ ਪ੍ਰਗਟਾਈ।

ਜ਼ਿਕਰਯੋਗ ਹੈ ਕਿ ਸਾਈਮਨ ਕੈਨੇਡਾ ਵਿੱਚ ਕਿੰਗ ਦੀ ਨੁਮਾਇੰਦਗੀ ਕਰਦੀ ਹੈ ਤੇ ਦੇਸ਼ ਦੀ ਪਹਿਲੀ ਮੂਲਵਾਸੀ ਗਵਰਨਰ ਜਨਰਲ ਵੀ ਹੈ। ਕਿੰਗ ਨਾਲ ਇਸ ਮੁਲਾਕਾਤ ਵਿੱਚ ਉਨ੍ਹਾਂ ਵੱਲੋਂ ਅਹਿਮ ਭੂਮਿਕਾ ਨਿਭਾਈ ਦੱਸੀ ਜਾਂਦੀ ਹੈ। 6 ਮਈ ਨੂੰ ਹੋਣ ਜਾ ਰਹੀ ਤਾਜਪੋਸ਼ੀ ਤੋਂ ਪਹਿਲਾਂ ਕਿੰਗ ਬਕਿੰਘਮ ਪੈਲੇਸ ਵਿਖੇ ਕਈ ਅਹਿਮ ਹਸਤੀਆਂ ਨਾਲ ਮੁਲਾਕਾਤ ਕਰ ਰਹੇ ਹਨ। ਆਪਣੇ ਵੱਡੇ ਈਵੈਂਟ ਤੋਂ ਪਹਿਲਾਂ ਸਾਈਮਨ ਤੇ ਤਿੰਨ ਹੋਰ ਮੂਲਵਾਸੀ ਆਗੂ ਹੀ ਅਜਿਹੇ ਕੈਨੇਡੀਅਨਜ਼ ਹਨ ਜਿਨ੍ਹਾਂ ਨਾਲ ਕਿੰਗ ਚਾਰਲਸ ਵੱਲੋਂ ਮੁਲਾਕਾਤ ਕੀਤੀ ਗਈ ਹੈ।

# ਮਿਸੀਸਾਗਾ ਵਿੱਚ ਆਈਡੀਆ ਸਕੁਏਅਰ ਵੰਨ ਦੀ ਹੋਈ ਗ੍ਰੈਂਡ ਓਪਨਿੰਗ

ਮਿਸੀਸਾਗਾ, 4 ਮਈ (ਪੋਸਟ ਬਿਊਰੋ) : ਅੱਜ ਮਿਸੀਸਾਗਾ ਵਿਖੇ ਨਵੀਂ ਐਂਕਰ ਇਨੋਵੇਸ਼ਨ ਲੋਕੇਸ਼ਨ, ਆਈਡੀਆ ਸਕੁਏਅਰ ਵੰਨ ਐਂਟਰਪ੍ਰੈਨਿਓਰ ਐਂਡ ਇਨੋਵੇਸ਼ਨ ਹੱਬ ਦੀ ਗ੍ਰੈਂਡ ਓਪਨਿੰਗ ਹੋਈ। ਇਸ ਦੇ ਜਸ਼ਨਾਂ ਵਿੱਚ ਮੇਅਰ



ਕ੍ਰੌਂਬੀ ਤੇ ਕਾਊਂਸਲਰਜ਼ ਵੱਲੋਂ ਮਿਸੀਸਾਗਾ ਦੇ ਇਕਨੌਮਿਕ ਡਿਵੈਲਪਮੈਂਟ ਆਫਿਸ ਤੇ ਆਕਸਫੋਰਡ ਰਿਐਲਿਟੀ ਪ੍ਰਾਪਰਟੀਜ਼ ਨਾਲ ਹਿੱਸਾ ਲਿਆ ਗਿਆ।

ਡਾਊਨਟਾਊਨ ਮਿਸੀਸਾਗਾ ਵਿੱਚ ਸਕੁਏਅਰ ਵੰਨ ਸ਼ਾਪਿੰਗ ਸੈਂਟਰ ਵਿੱਚ ਸਥਿਤ ਆਈਡੀਆ ਸਕੁਏਅਰ ਵੰਨ, ਮਿਸੀਸਾਗਾ ਦੇ ਇਨੋਵੇਸ਼ਨ ਡਿਸਟ੍ਰਿਕਟ-ਆਈਡੀਆ ਮਿਸੀਸਾਗਾ ਦਾ ਅਹਿਮ ਥੰਮ੍ਹ ਹੈ।

...ਬਾਕੀ ਪੰਨਾ 4 'ਤੇ


NOW HIRING !!!
ALLKIND INSURANCE
• Life Insurance • Super Visa Insurance
• Critical illness Ins • Mortgage Insurance
• Travel & Visitor Ins • Disability Insurance
• RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
○Home ○Auto
○Business ○Trucking
○Life Insurance ○Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
(Government Approved Licensed Technician)
416 938 4598

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor 416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty
BROKERAGE, INDEPENDENTLY OWNED & OPERATED
Off : 905.230.3100
NOT INTENDED TO SOLICIT PROPERTIES AND BUYERS CURRENTLY UNDER CONTRACT.

$3199 BASEMENT DEAL
SPRING SALE MEGA SAVING
DELIVERY INCLUDED WITHIN GTA
FREE DELIVERY
$1499
$4649
KitchenAid moffat MAYTAG LG SAMSUNG Electrolux JENNAIR BOSCH Whirlpool
5781 Highway 7 Unit 10, Vaughan, ON L4L 1T8 (416) 477-5556 | 44 Fasken Dr. # 2-9 Etobicoke, On M9W 5M8, (416) 792-0877 | Unit #1, 241 Clarence St, Brampton, On L6W 3E7 (416) 551-3343 | Unit #4 - 1540 Fanshawe Park Road West London, On N6H 5L8 (519)-641-1010 | Unit #6 – 410 Lewis Road Stoney Creek, On L8E 5Y7 (905) 643-0818 | 1050 Speers Road Oakville, On L6L 2X4 (416) 613-0555
416-551-5553 WWW.OURRHOMEAPPLIANCES.COM

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25 Years
Cell: 416-841-4218 Tel: 905-216-5563
Avon Financial Inc. Brokerage Lic 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

URGENTLY NEED NEW LISTINGS IN BRAMPTON/CALEDON



visit: www.teamjagaujla.com

ADVERTISEMENT GUARANTEED TILL SOLD

JAG AUJLA

MCNE, REAL ESTATE BROKER

416-371-7777

e-mail: j.aujla@rogers.com or visit: www.jagaujla.com


MCNE (2021, 2018, 2015, 2014, 2013, 2012, 2011, 2010) (2020-2018) (2018-2009) (REMAX International) (2014) (2010)

CALL JAG AUJLA FOR A QUICK & FREE HOME EVALUATION

www.BramptonTopRealtor.com

RECENTLY LISTED/SOLD IN YOUR NEIGHBOURHOOD

**Hwy 7/ Churchill Rd/Tanners Dr**




ਵਧੀਆ ਲੋਕੇਸ਼ਨ, ਡਬਲ ਸਟੋਰੀ ਘਰ, 3400 ਸਕੇਅਰ ਫੁਟ, 3 ਖੁਲੇ-ਡੁਲੇ ਬੈਡਰੂਮ, ਫਿਨੀਸ਼ਡ ਬੈਸਮੈਂਟ, ਸਟੋਨ ਪੈਟਿਓ, ਪਾਵਰ ਗਰਾਜ਼ ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਸੰਪਰਕ ਕਰੋ।

**Mclaughlin Rd & Steeles Ave**




ਸੋਹਣਾ ਤੇ ਸਾਫ ਸੁਧਰਾ, ਮਾਡਰਨ ਲੇਆਓਟ, 3515 ਸਕੇਅਰ ਫੁਟ ਵਿਚ 4 + 2 ਬੈਡਰੂਮ ਤੇ 5 ਵਾਸ਼ਰੂਮ ਦਾ ਘਰ, ਲੈਮੀਨੇਟ ਫਲੋਰ, ਨਵੇ ਰੂਫ ਸ਼ਿੰਗਲ, ਪਿਛਲੇ ਸਾਲ ਬਣੀ ਬੈਸਮੈਂਟ। ਸੰਪਰਕ ਕਰੋ

**Wanless /Queen Mary /Mclaughlin**



2016 ਵਿਚ ਬਣਿਆ, ਡਬਲ ਡੋਰ ਗਰਾਜ਼, 4364 ਸਕੇਅਰ ਫੁਟ, 4 ਖੁਲੇ-ਡੁਲੇ ਬੈਡਰੂਮ ਤੇ 5 ਵਾਸ਼ਰੂਮ, ਫਿਨੀਸ਼ਡ ਬੈਸਮੈਂਟ ਜਿਸ ਨੂੰ ਸੈਪਰੇਟ ਏਨੰਟਰੈਂਸ ਤੇ 2 ਬੈਡਰੂਮ ਲਈ ਸੰਪਰਕ ਕਰੋ।

**Chinguacousy & Bovaird**



ਸ਼ਾਨਦਾਰ ਤੇ ਸਾਫ ਸੁਧਰਾ, ਮਾਡਰਨ ਲੇਆਓਟ ਵਿਚ 4 ਬੈਡਰੂਮ ਤੇ 4 ਵਾਸ਼ਰੂਮ ਦਾ ਘਰ, ਲੈਮੀਨੇਟ ਫਲੋਰ, ਅਪਗ੍ਰੇਡਡ ਕਿਚਨ, ਫਿਨੀਸ਼ ਬੈਸਮੈਂਟ ਤੇ ਹੋਰ ਵੀ ਕਈ ਅਪਗ੍ਰੇਡਜ਼, ਸੰਪਰਕ ਕਰੋ।

FREE
- Full MLS services
- Consistent marketing until your property is sold
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold
- Competitive rates, exceptional service & award winning results

RE/MAX REALTY SPECIALISTS INC. REALTOR MLS MULTIPLE LISTING SERVICE

Ph:905-456-3232 **Based on units sold & commissions **Some conditions apply

*Seller & Jag Aujla Broker of RE/MAX Realty Specialist Inc. must agree on the terms & conditions, closing date and listing price at the time of listing. Guaranteed program only for peel region homes under $1 million price.

Call: JAG AUJLA Dir: 416-371-7777

MCNE, Real Estate Broker

NOT INTENDED TO SOLICIT BUYERS OR SELLERS CURRENTLY UNDER CONTRACT

# ਬਰੈਂਪਟਨ ਵਿੱਚ ਖੁੱਲ੍ਹਿਆ ਪਹਿਲਾ ਯੂਥ ਹੱਬ



ਬਰੈਂਪਟਨ, 4 ਮਈ (ਪੋਸਟ ਬਿਊਰੋ) : ਸੋਮਵਾਰ ਨੂੰ ਸਿਟੀ ਆਫ ਬਰੈਂਪਟਨ ਵੱਲੋਂ ਯੂਥ ਵੀਕ ਦੌਰਾਨ ਆਪਣੇ ਪਹਿਲੇ ਆਫੀਸ਼ੀਅਲ ਯੂਥ ਹੱਬ ਦੀ ਰਸਮੀ ਸ਼ੁਰੂਆਤ ਕੀਤੀ ਗਈ।

ਇਹ ਯੂਥ ਹੱਬ ਸੁਜ਼ਨ ਫੈਨਲ ਸਪੋਰਟਸਪਲੈਕਸ ਵਿੱਚ ਸਥਿਤ ਹੈ ਤੇ ਇਸ ਦੀ ਸ਼ੁਰੂਆਤ ਸਮੇਂ ਕਈ ਉੱਘੀਆਂ ਹਸਤੀਆਂ, ਕਾਊਂਸਲ ਕੁਲੀਗਜ਼, ਯੂਥ ਗਰੁੱਪਜ਼, ਯੂਥ, ਰੈਜ਼ੀਡੈਂਟਸ ਤੇ ਮੀਡੀਆ ਮੈਂਬਰਾਂ ਵੱਲੋਂ ਸ਼ਿਰਕਤ ਕੀਤੀ ਗਈ। ਇਹ ਯੂਥ ਹੱਬ ਬਰੈਂਪਟਨ ਵਿੱਚ ਆਪਣੀ ਹੀ ਕਿਸਮ ਦਾ ਪਹਿਲਾ ਹੱਬ ਹੈ। ਇਸ ਤੋਂ ਇਲਾਵਾ 2024 ਦੇ ਅੰਤ ਤੱਕ ਦੂਜਾ ਯੂਥ ਹੱਬ ਸੈਂਚੁਰੀ ਗਾਰਡਨਜ਼ ਵਿੱਚ ਖੋਲ੍ਹੇ ਜਾਣ ਦੀ ਵੀ ਯੋਜਨਾ ਹੈ। ਇਹ ਯੂਥ ਹੱਬਜ਼ ਨੌਜਵਾਨਾਂ ਦੀਆਂ ਵਿਲੱਖਣ ਲੋੜਾਂ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ। ਇੱਥੇ ਆਰਟਸ, ਮਨੋਰੰਜਨ ਤੇ ਸਿਵਿਕ ਐਂਗੇਜਮੈਂਟ ਵਿੱਚ ਨਵੇਂ ਮੌਕੇ ਨੌਜਵਾਨਾਂ ਨੂੰ ਮਿਲਦੇ ਰਹਿੰਦੇ ਹਨ। ਕਮਿਊਨਿਟੀ ਸਰਵਿਸਿਜ਼ ਦੇ ਚੇਅਰ ਸੰਤੋਸ਼ ਨੇ ਆਖਿਆ ਕਿ 2019 ਤੋਂ ਹੀ ਅਸੀਂ ਨੌਜਵਾਨਾਂ ਲਈ ਸਮਰਥਨ ਵਧਾਉਣ ਵਾਸਤੇ ਕੰਮ ਕਰ ਰਹੇ ਹਾਂ। ਯੂਥ ਵੀਕ ਦੌਰਾਨ ਇਹ ਨਵਾਂ ਹੱਬ ਖੁੱਲ੍ਹਣ ਉੱਤੇ ਸਾਨੂੰ ਬਹੁਤ ਖੁਸ਼ੀ ਹੋਈ ਹੈ।

ਸੰਤੋਸ਼ ਨੇ ਆਖਿਆ ਕਿ ਮਹਾਂਮਾਰੀ ਤੋਂ ਬਾਅਦ ਇਸ ਤਰ੍ਹਾਂ ਦੀਆਂ ਸੁਰੱਖਿਅਤ ਥਾਂਵਾਂ ਮੁਹੱਈਆ ਕਰਵਾਏ ਜਾਣ ਨਾਲ ਨੌਜਵਾਨ ਆਨਲਾਈਨ ਸੋਸ਼ਲ ਮੀਡੀਆ ਨਾਲ ਜੁੜਨ ਦੀ ਥਾਂ ਇਨ-ਪਰਸਨ ਗਤੀਵਿਧੀਆਂ ਵਿੱਚ ਹਿੱਸਾ ਲੈ ਸਕਦੇ ਹਨ। ਉਨ੍ਹਾਂ ਅੱਗੇ ਆਖਿਆ ਕਿ ਨੌਜਵਾਨਾਂ ਵਿੱਚ ਮੈਂਟਲ ਹੈਲਥ ਸਬੰਧੀ ਆ ਰਹੀਆਂ ਦਿੱਕਤਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਇਸ ਤਰ੍ਹਾਂ ਦੇ ਹੱਬਜ਼ ਵਿੱਚ ਨੌਜਵਾਨਾਂ ਨਾਲ ਸਬੰਧਤ ਖਾਸ ਪ੍ਰੋਗਰਾਮ ਚਲਾਏ ਜਾਂਦੇ ਹਨ। ਯੂਥ ਹੱਬ ਵਿੱਚ 14 ਤੋਂ 29 ਸਾਲ ਤੱਕ ਦੇ ਨੌਜਵਾਨਾਂ ਨੂੰ ਕਈ ਤਰ੍ਹਾਂ ਦੀਆਂ ਸੇਵਾਵਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ ਤੇ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ ਮਨੋਰੰਜਨ ਸਬੰਧੀ ਪ੍ਰੋਗਰਾਮ, ਸੋਸ਼ਲ ਸਰਵਿਸਿਜ਼ ਸਪੋਰਟ, ਮੈਂਟਲ ਹੈਲਥ ਸਪੋਰਟ, ਹੈਲਥ ਤੇ ਵੈੱਲਨੈੱਸ ਪ੍ਰੋਗਰਾਮ, ਇੰਪਲੌਇਮੈਂਟ ਤੇ ਕਰੀਅਰ ਸਰਵਿਸਿਜ਼, ਯੂਥ ਲੀਡਰਸ਼ਿਪ ਤੇ ਪ੍ਰੋਫੈਸ਼ਨਲ ਡਿਵੈੈਲਪਮੈਂਟ ਤੇ ਹੋਰ ਪ੍ਰੋਗਰਾਮ ਚਲਾਏ ਜਾਂਦੇ ਹਨ। ਇਸ ਦੇ ਨਾਲ ਹੀ ਇੱਥੇ ਮਿਊਜ਼ਿਕ ਰਿਕਾਰਡਿੰਗ, ਵੀਡੀਓ ਰਿਕਾਰਡਿੰਗ, ਮਿਊਜ਼ਿਕ ਕੰਪੋਜ਼ਿਸ਼ਨ, ਡੀਜੇ ਆਪਰਚੁਨਿਟੀਜ਼ ਤੇ ਹੋਰ ਵੀ ਕਈ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਇੱਥੇ ਈ ਸਪੋਰਟਸ ਏਰੀਆ ਵੀ ਹੈ।

## 12 ਮਈ ਤੱਕ ਕਾਨੂੰਨ ਦਾ ਰੂਪ ਲੈ ਲਵੇਗਾ ਗਰੌਸਰੀ ਰਿਬੇਟ ਬਿੱਲ ਸੀ-46



ਓਟਵਾ, 4 ਮਈ (ਪੋਸਟ ਬਿਊਰੋ) : ਗਰੌਸਰੀ ਰਿਬੇਟ ਸਬੰਧੀ ਤਥਾ ਕਥਿਤ ਛੋਟ ਵਾਲੀਆਂ ਅਦਾਇਗੀਆਂ ਦੀ ਉਡੀਕ ਕਰ ਰਹੇ ਕੈਨੇਡੀਅਨਜ਼ ਲਈ ਚੰਗੀ ਖਬਰ ਇਹ ਹੈ ਕਿ ਸੈਨੇਟ ਵਿੱਚ ਇਸ ਬਿੱਲ ਨੂੰ 12 ਮਈ ਤੱਕ ਪਾਸ ਕਰਨ ਤੇ ਲਾਗੂ ਕਰਨ ਦਾ ਪਲੈਨ ਪੇਸ਼ ਕੀਤਾ ਗਿਆ ਹੈ।

ਪਰ ਬਿੱਲ ਪਾਸ ਹੋਣ ਤੋਂ ਬਾਅਦ ਵੀ ਕੈਨੇਡੀਅਨਜ਼ ਦੇ ਬੈਂਕ ਖਾਤਿਆਂ ਵਿੱਚ ਅਦਾਇਗੀਆਂ ਆਉਣੀਆਂ ਸ਼ੁਰੂ ਹੋਣ ਤੋਂ ਪਹਿਲਾਂ ਕਈ ਹਫਤਿਆਂ ਦਾ ਸਮਾਂ ਲੱਗ ਸਕਦਾ ਹੈ। ਬਿੱਲ ਸੀ-46, ਜਿਸਨੂੰ ਕੌਸਟ ਆਫ ਲਿਵਿੰਗ ਰਲੀਫ ਐਕਟ ਨੰ· 3 ਦਾ ਨਾਂ ਵੀ ਦਿੱਤਾ ਗਿਆ ਹੈ, ਦੀ ਦੂਜੀ ਰੀਡਿੰਗ ਬੁੱਧਵਾਰ ਨੂੰ ਸੈਨੇਟ ਵਿੱਚ ਪੂਰੀ ਕਰ ਲਈ ਗਈ। ਹੁਣ ਇਸ ਬਿੱਲ ਦਾ ਅਧਿਐਨ ਫਾਇਨਾਂਸ ਕਮੇਟੀ ਵੱਲੋਂ ਕੀਤਾ ਜਾਵੇਗਾ।

ਇਸ ਬਿੱਲ ਨੂੰ ਮਾਰਚ ਦੇ ਅੰਤ ਵਿੱਚ ਪੇਸ਼ ਕੀਤਾ ਗਿਆ ਸੀ ਤੇ ਐਮਪੀਜ਼ ਵੱਲੋਂ ਸਰਬਸੰਮਤੀ ਨਾਲ ਇਸ ਨੂੰ ਹਾਊਸ ਆਫ ਕਾਮਨਜ਼ ਦੇ ਹਰੇਕ ਪੜਾਅ ਵਿੱਚੋਂ ਗੁਜ-ਾਰਿਆ ਗਿਆ। ਘੱਟ ਤੇ ਦਰਮਿਆਨੀ ਆਮਦਨ ਵਾਲੇ ਯੋਗ ਕੈਨੇਡੀਅਨਜ਼ ਲਈ ਪ੍ਰਸਤਾਵਿਤ ਇਸ ਬਿੱਲ, ਗਰੌਸਰੀ ਰਿਬੇਟ, ਉੱਤੇ ਫੈਡਰਲ ਸਰਕਾਰ ਵੱਲੋਂ ਇੱਕ ਵਾਰੀ 2·5 ਬਿਲੀਅਨ ਡਾਲਰ ਖਰਚੇ ਜਾਣਗੇ। ਇਸ ਤੋਂ ਇਲਾਵਾ ਇਸ ਬਿੱਲ ਸੀ-46 ਤਹਿਤ ਫੈਡਰਲ ਸਰਕਾਰ ਪ੍ਰੋਵਿੰਸਾਂ ਤੇ ਟੈਰੇਟਰੀਜ਼ ਨੂੰ ਅਰਜੈਂਟ ਤੇ ਜ਼ਰੂਰੀ ਹੈਲਥ ਕੇਅਰ ਲਈ 2 ਬਿਲੀਅਨ ਡਾਲਰ ਮੁਹੱਈਆ ਕਰਾਵੇਗੀ।

ਸੈਨੇਟ ਵਿੱਚ ਸਰਕਾਰ ਦੇ ਨੁਮਾਇੰਦੇ ਸੈਨੇਟਰ ਮਾਰਕ ਗੋਲਡ ਦੇ ਆਫਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਬਿੱਲ ਨੂੰ ਜਲਦ ਹੀ ਸ਼ਾਹੀ ਮਨਜ਼ੂਰੀ ਮਿਲ ਜਾਵੇਗੀ ਤੇ 12 ਮਈ ਤੱਕ ਇਹ ਬਿੱਲ ਕਾਨੂੰਨ ਦਾ ਰੂਪ ਅਖ਼ਤਿਆਰ ਕਰ ਲਵੇਗਾ।

## ਕੈਨੇਡਾ ਰੈਵਨਿਊ ਏਜੰਸੀ ਤੇ ਸਰਕਾਰ ਦਰਮਿਆਨ ਸਮਝੌਤਾ ਸਿਰੇ ਚੜ੍ਹਿਆ, ਹੜਤਾਲ ਮੁੱਕੀ



ਓਟਵਾ, 4 ਮਈ (ਪੋਸਟ ਬਿਊਰੋ) : ਪਬਲਿਕ ਸੈਕਟਰ ਯੂਨੀਅਨ, ਜਿਹੜੀ ਕੈਨੇਡਾ ਰੈਵਨਿਊ ਏਜੰਸੀ ਦੇ ਮੁਲਾਜ਼ਮਾਂ ਦੀ ਨੁਮਾਇੰਦਗੀ ਕਰਦੀ ਹੈ, ਤੇ ਫੈਡਰਲ ਸਰਕਾਰ ਵੱਲੋਂ ਨਵੇਂ ਸਮਝੌਤੇ ਉੱਤੇ ਦਸਤਖ਼ਤ ਕਰ ਲਏ ਗਏ ਹਨ। ਇਸ ਨਾਲ ਹੜਤਾਲ ਵੀ ਖ਼ਤਮ ਹੋ ਗਈ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਰੈਵਨਿਊ ਏਜੰਸੀ ਦੇ 35000 ਮੁਲਾਜ਼ਮ ਹੜਤਾਲ ਉੱਤੇ ਚੱਲ ਰਹੇ ਸਨ ਜਦਕਿ ਕੁੱਲ ਮਿਲਾ ਕੇ 120000 ਪਬਲਿਕ ਸਰਵੈਂਟਸ ਹੜਤਾਲ ਉੱਤੇ ਸਨ। ਸਰਕਾਰ ਤੇ ਪਬਲਿਕ ਸਰਵਿਸ ਅਲਾਇੰਸ ਆਫ ਕੈਨੇਡਾ ਵੱਲੋਂ ਡੀਲ ਸਿਰੇ ਚੜ੍ਹਾਉਣ ਨਾਲ ਇਹ ਹੜਤਾਲ ਮੁੱਕੀ। ਸੀਐਸਏਸੀਜ਼ ਯੂਨੀਅਨ ਆਫ ਟੈਕਸੇਸ਼ਨ ਇੰਪਲੌਈਜ਼ ਦੀ ਨੁਮਾਇੰਦਗੀ ਵਾਲੇ ਸੀਆਰਏ ਕਰਮਚਾਰੀ ਅਜੇ ਵੀ ਹੜਤਾਲ ਉੱਤੇ ਚੱਲ ਰਹੇ ਹਨ। ਯੂਨੀਅਨ ਵੱਲੋਂ ਆਪਣੇ ਮੁਲਾਜ਼ਮਾਂ ਨੂੰ 4 ਮਈ ਤੱਕ ਸਵੇਰ ਦੇ 11:30 ਵਜੇ ਤੱਕ ਕੰਮ ਉੱਤੇ ਪਰਤਣ ਲਈ ਆਖਿਆ ਜਾ ਰਿਹਾ ਹੈ।

ਇੱਕ ਬਿਆਨ ਜਾਰੀ ਕਰਕੇ ਪੀਐਸਏਸੀ ਨੇ ਆਖਿਆ ਕਿ ਤਨਖਾਹਾਂ ਵਿੱਚ ਵਾਧੇ ਉੱਤੇ ਸਹਿਮਤੀ ਬਣਨ ਤੋਂ ਬਾਅਦ ਹੀ ਡੀਲ ਸਿਰੇ ਚੜ੍ਹ ਸਕੀ। ਇਸ ਸਮਝੌਤੇ ਤਹਿਤ ਮੁਲਾਜ਼ਮਾਂ ਨੂੰ 2500 ਡਾਲਰ ਉੱਕੀ ਪੁੱਕੀ ਇੱਕਮੁਸ਼ਤ ਪੈਨਸ਼ਨ ਦੇ ਨਾਲ ਨਾਲ ਔਸਤ ਮੈਂਬਰ ਨੂੰ ਤਨਖਾਹ ਵਿੱਚ 3.6 ਫੀ ਸਦੀ ਵਾਧੇ ਉੱਤੇ ਵੀ ਸਹਿਮਤੀ ਬਣੀ ਹੈ।

ਜ਼ਰੂਰੀ ਬੇਨਤੀ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਆਖੰਡ ਪਾਠ ਸਾਹਿਬ ਦਾ ਭੋਗ ੧ਓ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦਵਾਰਾ ਸਾਹਿਬ ਵਿਖੇ 26 ਮਈ ਦਿਨ ਸ਼ੁਕਰਵਾਰ ਨੂੰ ਸਵੇਰੇ 11 ਵਜੇ ਆਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 28 ਮਈ ਦਿਨ ਐਤਵਾਰ ਨੂੰ ਸਵੇਰ 11 ਵਜੇ ਭੋਗ ਪਾਏ ਜਾਣਗੇ । ਸਮੂਹ ਇਲਾਕਾ ਨਿਵਾਸੀ ਸਾਧ ਸੰਗਤ ਨੂੰ ਹੁੰਮ-ਹਮਾਕੇ ਪਹੁੰਚਣ ਦੀ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈਂ।

ਵਧੇਰੇ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ:

ਧਰਮਿੰਦਰ ਸਿੰਘ ਸੂਚ 416-879-6824

ਪਰਮਜੀਤ ਸਿੰਘ ਸੂਚ 416-873-7508

ਸਰਬਜੀਤ ਸਿੰਘ ਸੂਚ 416-357-7667

ਗੁਰਮੇਲ ਸਿੰਘ ਸੂਚ 905-814-0756

ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਸਮਾਗਮ 2023



# ਅਸਾਲਟ ਸਟਾਈਲ ਹਥਿਆਰਾਂ ਉੱਤੇ ਪਾਬੰਦੀ ਲਈ ਲਿਬਰਲਾਂ ਨੇ ਫੈਡਰਲ ਗੰਨ ਕੰਟਰੋਲ ਬਿੱਲ ਵਿੱਚ ਕੀਤੀਆਂ ਸੋਧਾਂ



ਓਟਵਾ, 4 ਮਈ (ਪੋਸਟ ਬਿਊਰੋ) : ਫੈਡਰਲ ਗੰਨ ਕੰਟਰੋਲ ਬਿੱਲ ਵਿੱਚ ਸੋਧ ਕਰਨ ਦੇ ਆਪਣੇ ਫੈਸਲੇ ਦਾ ਮੰਗਲਵਾਰ ਨੂੰ ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਨੇ ਖੂਬ ਪੱਖ ਪੂਰਿਆ। ਉਨ੍ਹਾਂ ਆਖਿਆ ਕਿ ਪ੍ਰਸਤਾਵਿਤ ਸੋਧ ਨਾਲ ਭਵਿੱਖ ਵਿੱਚ ਅਸਾਲਟ ਸਟਾਈਲ ਰਾਈਫਲਾਂ ਉੱਤੇ ਪਾਬੰਦੀ ਲਾਉਣ ਦੀ ਗੱਲ ਕੀਤੀ ਜਾ ਰਹੀ ਹੈ ਜਿਸ ਦਾ ਇਸ ਸਮੇਂ ਮਾਰਕਿਟ ਵਿੱਚ ਉਪਲਬਧ ਗੰਨਜ਼ ਉੱਤੇ ਕੋਈ ਅਸਰ ਨਹੀਂ ਪਵੇਗਾ।

ਮੈਂਡੀਸਿਨੋ ਨੇ ਆਖਿਆ ਕਿ ਸਾਡਾ ਟੀਚਾ ਮੁਜਰਮਾਂ ਦੀ ਨਕੇਲ ਖਿੱਚਣਾ ਹੈ ਤਾਂ ਕਿ ਉਹ ਮਾਸ ਸੂਟਿੰਗ ਵਰਗੀਆਂ ਘਟਨਾਵਾਂ ਨੂੰ ਅੰਜਾਮ ਨਾ ਦੇ ਸਕਣ ਤੇ ਏਆਰ 15 ਸਟਾਈਲ ਦੀਆਂ ਗੰਨਜ਼ ਦੀ ਵਰਤੋਂ ਨਾ ਕਰ ਸਕਣ। ਇਸ ਤੋਂ ਪਹਿਲਾਂ ਸੋਮਵਾਰ ਨੂੰ ਮੈਂਡੀਸਿਨੋ ਨੇ ਸਰਕਾਰ ਦੇ ਬਿੱਲ ਸੀ-21 ਵਿੱਚ ਸੋਧਾਂ ਦੇ ਇੱਕ ਰਿਵਾਈਜ਼ਡ ਪੈਕੇਜ ਦਾ ਐਲਾਨ ਕੀਤਾ ਸੀ। ਇਸ ਵਿੱਚ ਪਾਬੰਦੀਸ਼ੁਦਾ ਅਸਾਲਟ ਸਟਾਈਲ ਹਥਿਆਰਾਂ ਦੀ ਪਰੀਭਾਸ਼ਾ ਬਾਰੇ ਨਵੇਂ ਕ੍ਰਿਮੀਨਲ ਕੋਡ ਦਾ ਵੇਰਵਾ ਦਿੱਤਾ ਗਿਆ ਸੀ। ਇਸ ਤਹਿਤ ਨਵੇਂ ਅਸਾਲਟ ਸਟਾਈਲ ਹਥਿਆਰਾਂ ਉੱਤੇ ਸਥਾਈ ਪਾਬੰਦੀ ਦੀ ਪੈਰਵੀ ਕੀਤੀ ਗਈ ਹੈ।

ਫੈਡਰਲ ਸਰਕਾਰ ਵੱਲੋਂ ਪ੍ਰਸਤਾਵਿਤ ਸੋਧਾਂ ਵਿੱਚ ਉਨ੍ਹਾਂ ਹਥਿਆਰਾਂ ਦਾ ਜ਼ਿਕਰ ਹੈ ਜਿਹੜੇ ਹੈਂਡਗੰਨ ਨਹੀਂ ਹਨ, ਜਿਨ੍ਹਾਂ ਵਿੱਚੋਂ ਸੈਮੀ ਆਟੋਮੈਟਿਕ ਢੰਗ ਨਾਲ ਸੈਂਟਰ ਫਾਇਰ ਐਮਿਊਨਿਸ਼ਨ ਡਿਸਚਾਰਜ ਹੁੰਦਾ ਹੈ ਤੇ ਜਿਹੜੇ ਛੇ ਕਾਰਟਰਿੱਜ ਜਾਂ ਵੱਧ ਦੀ ਸਮਰੱਥਾ ਨਾਲ ਡਿਟੈਚੇਬਲ ਮੈਗਜ਼ੀਨ ਨਾਲ ਤਿਆਰ ਕੀਤੇ ਗਏ ਹਨ। ਮੰਗਲਵਾਰ ਨੂੰ ਪਾਰਲੀਆਮੈਂਟ ਹਿੱਲ ਉੱਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੈਂਡੀਸਿਨੋ ਨੇ ਆਖਿਆ ਕਿ ਸਰਕਾਰ ਨੇ ਇਹ ਪਰੀਭਾਸ਼ਾ ਆਪਣੇ ਆਪ ਮਨਘੜਤ ਤਰੀਕੇ ਨਾਲ ਤਿਆਰ ਨਹੀਂ ਕੀਤੀ ਸਗੋਂ ਲਾਅ ਐਨਫੋਰਸਮੈਂਟ ਏਜੰਸੀਆਂ, ਐਡਵੋਕੇਸੀ ਗਰੁੱਪਜ਼ ਤੇ ਮਾਹਿਰਾਂ ਨਾਲ ਗੱਲਬਾਤ ਕਰਕੇ ਇਸ ਨੂੰ ਤਿਆਰ ਕੀਤਾ ਗਿਆ ਹੈ।

# ਟੋਰਾਂਟੋ ਦੇ ਮੇਅਰ ਦੇ ਅਹੁਦੇ ਦੀ ਦੌੜ ਵਿੱਚ ਸੱਭ ਤੋਂ ਮੂਹਰੇ ਚੱਲ ਰਹੀ ਹੈ ਓਲੀਵੀਆ ਚਾਓ




ਟੋਰਾਂਟੋ, 4 ਮਈ (ਪੋਸਟ ਬਿਊਰੋ) : ਇੱਕ ਨਵੇਂ ਸਰਵੇਖਣ ਅਨੁਸਾਰ ਟੋਰਾਂਟੋ ਦੇ ਮੇਅਰ ਦੇ ਅਹੁਦੇ ਲਈ ਚੱਲ ਰਹੀ ਦੌੜ ਵਿੱਚ ਓਲੀਵੀਆ ਚਾਓ ਕਾਫੀ ਅੱਗੇ ਲੰਘ ਚੁੱਕੀ ਹੈ। ਪਰ ਅਜੇ ਵੀ ਵੋਟਰਜ਼ ਆਪਣਾ ਪੱਕਾ ਮਨ ਬਣਾਉਣ ਵਿੱਚ ਕਾਮਯਾਬ ਨਹੀਂ ਹੋਏ ਹਨ।

ਨੈਸ਼ਨਲ ਐਥਨਿਕ ਪ੍ਰੈੱਸ ਅਤੇ ਮੀਡੀਆ ਕਾਊਂਸਲ ਆਫ ਕੈਨੇਡਾ (ਐਨਈਪੀਐਮਸੀਸੀ) ਵੱਲੋਂ ਕਰਵਾਏ ਗਏ ਸਰਵੇਖਣ ਮੁਤਾਬਕ ਇਸ ਸਮੇਂ ਚਾਓ ਨੂੰ 16 ਫੀ ਸਦੀ ਵੋਟਰਾਂ ਕੋਲੋਂ ਸਮਰਥਨ ਹਾਸਲ ਹੋ ਰਿਹਾ ਹੈ। ਇਸ ਮਾਮੂਲੀ ਵਾਧੇ ਨਾਲ ਹੀ ਚਾਓ ਟੋਰਾਂਟੋ ਦੇ ਸਾਬਕਾ ਪੁਲਿਸ ਚੀਫ ਮਾਰਕ ਸਾਂਡਰਸ ਤੇ ਕਾਊਂਸਲਰ ਜੋਸ਼ ਮੈਟਲੋਅ, ਜਿਨ੍ਹਾਂ ਨੂੰ 12 ਫੀ ਸਦੀ ਸਮਰਥਨ ਮਿਲ ਰਿਹਾ ਹੈ, ਨਾਲੋਂ ਅੱਗੇ ਲੰਘ ਗਈ ਹੈ।ਕਾਊਂਸਲਰ ਬ੍ਰੈਡ ਬ੍ਰੈਡਫੋਰਡ ਤੇ ਸਾਬਕਾ ਲਿਬਰਲ ਐਮਪੀ ਮਿਤਜ਼ੀ ਹੰਟਰ ਨੂੰ ਇਸ ਸਮੇਂ 6 ਫੀ ਸਦੀ ਵੋਟਰਾਂ ਦਾ ਸਮਰਥਨ ਹਾਸਲ ਹੋ ਰਿਹਾ ਹੈ।

ਪਹਿਲਾਂ ਤੋਂ ਹੀ ਮਨ ਬਣਾ ਚੁੱਕੇ 26 ਫੀ ਸਦੀ ਵੋਟਰਜ਼ ਵੀ ਚਾਓ ਦੇ ਨਾਲ ਹਨ ਤੇ ਇਨ੍ਹਾਂ ਵਿੱਚ ਸਾਂਡਰਸ ਨੂੰ 20 ਫੀ ਸਦੀ ਤੇ ਮੈਟਲੋਅ ਨੂੰ 19 ਫੀ ਸਦੀ ਵੋਟਰਜ਼ ਦਾ ਸਮਰਥਨ ਹਾਸਲ ਹੋ ਰਿਹਾ ਹੈ। 39 ਫੀ ਸਦੀ ਵੋਟਰਜ਼ ਅਜੇ ਇਹ ਤੈਅ ਹੀ ਨਹੀਂ ਕਰ ਪਾਏ ਕਿ ਉਨ੍ਹਾਂ ਕਿਸ ਉਮੀਦਵਾਰ ਦੇ ਹੱਕ ਵਿੱਚ ਭੁਗਤਣਾ ਹੈ ਤੇ ਸਿਰਫ 18 ਫੀ ਸਦੀ ਵੋਟਰਾਂ ਦਾ ਹੀ ਕਹਿਣਾ ਹੈ ਕਿ ਉਹ ਆਪਣੇ ਉਮੀਦਵਾਰ ਦੇ ਹੱਕ ਵਿੱਚ ਹੀ ਨਿੱਤਰਣਗੇ।

ਇਸ ਦੌਰਾਨ ਮੇਨਸਟਰੀਟ ਰਿਸਰਚ ਵੱਲੋਂ ਕਰਵਾਏ ਗਏ ਸਰਵੇਖਣ ਤੋਂ ਵੀ ਹਵਾ ਦਾ ਰੁਖ ਚਾਓ ਵੱਲ ਦਾ ਹੀ ਨਜ਼ਰ ਆ ਰਿਹਾ ਹੈ। ਇਸ ਸਰਵੇਖਣ ਅਨੁਸਾਰ 26 ਫੀ ਸਦੀ ਵੋਟਰ ਚਾਓ ਦੇ ਪੱਖ ਵਿੱਚ ਭੁਗਤਣ ਲਈ ਤਿਆਰ ਹਨ। ਸਾਬਕਾ ਮੇਅਰ ਜੌਹਨ ਟੋਰੀ ਦੀ ਨੇੜਲੀ ਸਿਆਸੀ ਸਹਾਇਕ ਤੇ ਸਾਬਕਾ ਕਾਊਂਸਲਰ ਐਨਾ ਬੇਲਾਓ 21 ਫੀ ਸਦੀ ਸਮਰਥਨ ਨਾਲ ਚਾਓ ਤੋਂ ਬਾਅਦ ਦੂਜੇ ਸਥਾਨ ਉੱਤੇ ਦੱਸੀ ਜਾ ਰਹੀ ਹੈ।ਜ਼ਿਕਰਯੋਗ ਹੈ ਕਿ ਆਪਣੀ ਹੀ ਸਟਾਫ ਮੈਂਬਰ ਨਾਲ ਅਫੇਅਰ ਸਾਹਮਣੇ ਆਉਣ ਤੋਂ ਬਾਅਦ ਟੋਰੀ ਨੇ ਫਰਵਰੀ 2023 ਵਿੱਚ ਅਸਤੀਫਾ ਦੇ ਦਿੱਤਾ ਸੀ। ਟੋਰਾਂਟੋ ਵਿੱਚ ਜ਼ਿਮਨੀ ਚੋਣਾਂ 26 ਜੂਨ ਨੂੰ ਹੋਣਗੀਆਂ।

# ਹੁਣ ਗੋ ਟਰਾਂਜ਼ਿਟ ਯੂਜ਼ਰਜ਼ ਕਿਰਾਇਆ ਅਦਾ ਕਰਨ ਲਈ ਵਰਤ ਸਕਣਗੇ ਡੈਬਿਟ ਕਾਰਡਜ਼ !



ਓਨਟਾਰੀਓ, 4 ਮਈ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਤੇ ਗੋ ਟਰਾਂਜ਼ਿਟ ਵੱਲੋਂ ਰਾਈਡਰਜ਼ ਨੂੰ ਆਪਣਾ ਕਿਰਾਇਆ ਅਦਾ ਕਰਨ ਲਈ ਹੋਰ ਢੰਗ ਦੱਸਿਆ ਜਾ ਰਿਹਾ ਹੈ।

ਗੋ ਟਰਾਂਜ਼ਿਟ, ਯੂਪੀ ਐਕਸਪ੍ਰੈੱਸ, ਬਰੈਂਪਟਨ ਟਰਾਂਜ਼ਿਟ, ਬਰਲਿੰਗਟਨ ਟਰਾਂਜ਼ਿਟ, ਦਰਹਾਮ ਰੀਜਨ ਟਰਾਂਜ਼ਿਟ, ਹੈਮਿਲਟਨ ਸਟਰੀਟ ਰੇਲਵੇਅ, ਮਿਸੀਸਾਗਾ ਵਿੱਚ ਮਾਈਵੇਅ, ਓਕਵਿੱਲ ਟਰਾਂਜ਼ਿਟ ਤੇ ਯੌਰਕ ਰੀਜਨ ਟਰਾਂਜ਼ਿਟ ਦੀ ਵਰਤੋਂ ਕਰਨ ਵਾਲੇ ਹੁਣ ਪ੍ਰੈਸਟੋ ਡਿਵਾਈਸਿਜ਼ ਉੱਤੇ ਆਪਣੇ ਡੈਬਿਟ ਕਾਰਡ ਟੈਪ ਕਰਕੇ ਆਪਣਾ ਕਿਰਾਇਆ ਦੇ ਸਕਿਆ ਕਰਨਗੇ।ਇਨ੍ਹਾਂ ਵਿੱਚ ਸਮਾਰਟਫੋਨਜ਼ ਤੇ ਸਮਾਰਟਵਾਚਿਜ਼ ਉੱਤੇ ਡੈਬਿਟ ਕਾਰਡਜ਼ ਵੀ ਸ਼ਾਮਲ ਹਨ। ਇਸ ਦੇ ਨਾਲ ਹੀ ਰਾਈਡਰਜ਼ ਬਰਲਿੰਗਟਨ, ਦਰਹਾਮ ਰੀਜਨ, ਹੈਮਿਲਟਨ, ਯੌਰਕ ਰੀਜਨ, ਓਕਵਿੱਲ ਤੇ ਓਟਵਾ ਵਿੱਚ ਪੈਰਾਟਰਾਂਜ਼ਿਟ ਸੇਵਾਵਾਂ ਲਈ ਵੀ ਡੈਬਿਟ ਅਦਾਇਗੀਆਂ ਕਰ ਸਕਣਗੇ।

ਅਗਸਤ 2022 ਵਿੱਚ ਕ੍ਰੈਡਿਟ ਕਾਰਡ ਪੇਅਮੈਂਟਸ ਲਾਂਚ ਕਰਨ ਤੋਂ ਬਾਅਦ ਪ੍ਰੈਸਟੋ ਵੱਲੋਂ ਕਈ ਮਿਲੀਅਨ ਕਾਰਡ ਟੈਪ ਕਰਨ ਦੀ ਜਾਣਕਾਰੀ ਦਿੱਤੇ ਜਾਣ ਮਗਰੋਂ ਨਵੀਂ ਅਦਾਇਗੀ ਦੀ ਇਹ ਆਪਸ਼ਨ ਸਾਹਮਣੇ ਆਈ।ਟਰਾਂਸਪੋਰਟੇਸ਼ਨ ਮੰਤਰੀ ਕੈਰੋਲਿਨ ਮਲਰੋਨੀ ਨੇ ਆਖਿਆ ਕਿ ਜੀਟੀਐਚਏ ਵਿੱਚ ਕਈ ਮਿਲੀਅਨ ਸਰਗਰਮ ਯੂਜ਼ਰਜ਼ ਹੋਣ ਕਾਰਨ ਪ੍ਰੈਸਟੋ ਡਿਵਾਈਸਿਜ਼ ਉੱਤੇ ਡੈਬਿਟ ਪੇਅਮੈਂਟ ਲਾਂਚ ਕਰਕੇ ਸਾਡੀ ਸਰਕਾਰ ਓਨਟਾਰੀਓ ਵਾਸੀਆਂ ਲਈ ਟਰਾਂਜ਼ਿਟ ਸਹੂਲਤਾਂ ਹੋਰ ਸੁਖਾਲੀਆਂ ਬਣਾਉਣਾ ਚਾਹੁੰਦੀ ਹੈ।

ਓਨਟਾਰੀਓ ਸਰਕਾਰ ਇਨ੍ਹਾਂ ਗਰਮੀਆਂ ਵਿੱਚ ਟੋਰਾਂਟੋ ਟਰਾਂਜ਼ਿਟ ਦੇ ਯੂਜ਼ਰਜ਼ ਲਈ ਵੀ ਇਸੇ ਤਰ੍ਹਾਂ ਦੀ ਕ੍ਰੈਡਿਟ ਤੇ ਡੈਬਿਟ ਪੇਅਮੈਂਟ ਲਾਂਚ ਕਰਨ ਲਈ ਟੋਰਾਂਟੋ ਟਰਾਂਜ਼ਿਟ ਕਮਿਸ਼ਨ ਨਾਲ ਰਲ ਕੇ ਕੰਮ ਕਰ ਰਹੀ ਹੈ।

# ਇੱਕ ਮਿਲੀਅਨ ਡਾਲਰ ਦੀਆਂ ਚੋਰੀ ਦੀਆਂ ਗੱਡੀਆਂ ਟੋਰਾਂਟੋ ਤੋਂ ਬਰਾਮਦ




ਟੋਰਾਂਟੋ, 4 ਮਈ (ਪੋਸਟ ਬਿਊਰੋ) : ਪਿਛਲੇ ਹਫਤੇ ਇੱਕ ਸਰਚ ਵਾਰੰਟ ਉੱਤੇ ਕਾਰਵਾਈ ਕਰਦਿਆਂ ਟੋਰਾਂਟੋ ਪੁਲਿਸ ਨੂੰ ਇੱਕ ਮਿਲੀਅਨ ਡਾਲਰ ਮੁੱਲ ਦੀਆਂ ਚੋਰੀ ਦੀਆਂ ਗੱਡੀਆਂ ਬਰਾਮਦ ਹੋਈਆਂ।

ਸੋਮਵਾਰ ਨੂੰ ਜਾਰੀ ਕੀਤੀ ਗਈ ਰਲੀਜ਼ ਅਨੁਸਾਰ ਦਰਹਾਮ ਪੁਲਿਸ ਨੇ ਦੱਸਿਆ ਕਿ ਵੀਰਵਾਰ ਨੂੰ ਰਾਤੀਂ 11:45 ਉੱਤੇ ਪੁਲਿਸ ਨੂੰ ਲੈਕਸਸ ਚੋਰੀ ਹੋਣ ਦੀਆਂ ਰਿਪੋਰਟਾਂ ਮਿਲੀਆਂ। ਇਸ ਤੋਂ ਬਾਅਦ ਪੁਲਿਸ ਅਧਿਕਾਰੀ ਵ੍ਹਿਟਬੀ ਸਥਿਤ ਵਾਰਨ ਰੋਡ ਤੇ ਹੌਪਕਿੰਜ਼ ਸਟਰੀਟ ਉੱਤੇ ਪਹੁੰਚੇ। ਰਲੀਜ਼ ਵਿੱਚ ਦੱਸਿਆ ਗਿਆ ਕਿ ਪੁਲਿਸ ਅਧਿਕਾਰੀਆਂ ਨੇ ਜਦੋਂ ਅਗਲੇਰੀ ਜਾਂਚ ਕੀਤੀ ਤਾਂ ਉਨ੍ਹਾਂ ਨੂੰ ਚੋਰੀ ਦੀਆਂ ਹੋਰ ਗੱਡੀਆਂ ਵੀ ਮਿਲ ਗਈਆਂ।

ਅਗਲੇ ਦਿਨ, ਸ਼ੁੱਕਰਵਾਰ ਨੂੰ ਇੱਕ ਸਰਚ ਵਾਰੰਟ ਕਢਵਾਇਆ ਗਿਆ ਤੇ ਜਾਂਚਕਾਰਾਂ ਨੂੰ ਚੋਰੀ ਦੀਆਂ 11 ਗੱਡੀਆਂ ਬਰਾਮਦ ਹੋਈਆਂ। ਇਨ੍ਹਾਂ ਵਿੱਚੋਂ 10 ਲੈਕਸਸ ਐਸਯੂਵੀਜ਼ ਸਨ ਤੇ ਇੱਕ ਰੇਂਜ ਰੋਵਰ ਸੀ। ਬਰਾਮਦ ਹੋਈਆਂ ਗੱਡੀਆਂ ਦਰਹਾਮ, ਯੌਰਕ, ਹਾਲਟਨ, ਟੋਰਾਂਟੋ ਤੇ ਨਾਇਗਰਾ ਤੋਂ ਚੋਰੀ ਹੋਈਆਂ ਦੱਸੀਆਂ ਜਾਂਦੀਆਂ ਹਨ। ਪੁਲਿਸ ਦਾ ਕਹਿਣਾ ਹੈ ਕਿ ਅਜੇ ਵੀ ਉਨ੍ਹਾਂ ਵੱਲੋਂ ਜਾਂਚ ਜਾਰੀ ਹੈ।

# ਦੋ ਗੱਡੀਆਂ ਦੀ ਟੱਕਰ ਵਿੱਚ 60 ਸਾਲਾ ਵਿਅਕਤੀ ਦੀ ਹੋਈ ਮੌਤ



ਸਕਾਰਬਰੋ, 4 ਮਈ (ਪੋਸਟ ਬਿਊਰੋ) : ਸੋਮਵਾਰ ਸਵੇਰੇ ਸਕਾਰਬਰੋ ਦੀ ਬ੍ਰਿਮਲੇ ਰੋਡ ਤੇ ਲਾਅਰੈਂਸ ਐਵਨਿਊ ਈਸਟ ਏਰੀਆ ਵਿੱਚ ਦੋ ਗੱਡੀਆਂ ਦਰਮਿਆਨ ਹੋਈ ਟੱਕਰ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ।

ਦੋ ਗੱਡੀਆਂ ਦੀ ਟੱਕਰ ਦੀ ਰਿਪੋਰਟ ਮਿਲਣ ਤੋਂ ਬਾਅਦ ਸਵੇਰੇ 11:00 ਵਜੇ ਤੋਂ ਪਹਿਲਾਂ ਟੋਰਾਂਟੋ ਪੁਲਿਸ ਤੇ ਫਾਇਰ ਸਰਵਿਸਿਜ਼ ਮੌਕੇ ਉੱਤੇ ਪਹੁੰਚੀਆਂ। ਹਾਦਸਾ ਐਨਾ ਜ਼ਬਰਦਸਤ ਸੀ ਕਿ ਇੱਕ ਗੱਡੀ ਖੇਤਾਂ ਵਿੱਚ ਜਾ ਡਿੱਗੀ।ਜਾਂਚਕਾਰਾਂ ਨੇ ਦੱਸਿਆ ਕਿ ਟੌਇਟਾ ਕੈਮਰੀ ਦਾ 19 ਸਾਲਾ ਡਰਾਈਵਰ ਲਾਅਰੈਂਸ ਐਵਨਿਊ ਉੱਤੇ ਪੱਛਮ ਵੱਲ ਜਾ ਰਿਹਾ ਸੀ ਕਿ ਇੰਟਰਸੈਕਸ਼ਨ ਉੱਤੇ ਉਹ ਐਸਯੂਵੀ ਨਾਲ ਜਾ ਟਕਰਾਇਆ। ਐਸਯੂਵੀ, ਟੌਇਟਾ ਵੈਂਜ਼ਾ, ਦਾ ਡਰਾਈਵਰ ਗੱਡੀ ਵਿੱਚ ਹੀ ਫਸ ਗਿਆ ਤੇ ਉਸ ਨੂੰ ਗੱਡੀ ਨੂੰ ਕੱਟ ਕੇ ਬਾਹਰ ਕੱਢਣਾ ਪਿਆ।

60 ਸਾਲਾ ਵਿਅਕਤੀ ਦੀ ਮੌਕੇ ਉੱਤੇ ਹੀ ਮੌਤ ਹੋ ਗਈ ਤੇ ਪੁਲਿਸ ਵੱਲੋਂ ਇਸ ਦੀ ਪੁਸ਼ਟੀ ਕੀਤੀ ਗਈ।ਟੌਇਟਾ ਕੈਮਰੀ ਵਿੱਚ ਸਵਾਰ ਤਿੰਨ ਵਿਅਕਤੀਆਂ ਨੂੰ ਲੋਕਲ ਟਰੌਮਾ ਸੈਂਟਰ ਲਿਜਾਇਆ ਗਿਆ। ਜਿਸ ਵਿੱਚੋਂ ਇੱਕ ਨੂੰ ਐਮਰਜੰਸੀ ਰੰਨ ਰਾਹੀਂ ਟਰੌਮਾ ਸੈਂਟਰ ਪਹੁੰਚਾਇਆ ਗਿਆ। ਇੱਕ ਵਿਅਕਤੀ ਗੰਭੀਰ ਜ਼ਖ਼ਮੀ ਦੱਸਿਆ ਜਾਂਦਾ ਹੈ ਜਦਕਿ ਦੋ ਹੋਰ ਵਿਅਕਤੀਆਂ ਨੂੰ ਮਾਮੂਲੀ ਸੱਟਾਂ ਲੱਗੀਆਂ ਦੱਸੀਆਂ ਜਾਂਦੀਆਂ ਹਨ। ਸਾਈਡਵਾਕ ਉੱਤੇ ਖੜ੍ਹੇ ਇੱਕ ਸਾਈਕਲਿਸਟ ਨੂੰ ਗੱਡੀਆਂ ਦੇ ਮਲਬੇ ਕਾਰਨ ਮਾਮੂਲੀ ਸੱਟਾਂ ਲੱਗੀਆਂ। ਇੰਟਰਸੈਕਸ਼ਨ ਨੂੰ ਕਈ ਘੰਟਿਆਂ ਲਈ ਬੰਦ ਰੱਖਣ ਤੋਂ ਬਾਅਦ ਖੋਲ੍ਹ ਦਿੱਤਾ ਗਿਆ।

# ਵਿਦੇਸ਼ੀ ਦਖ਼ਲ ਲਈ ਟਰੂਡੋ ਫਾਊਂਡੇਸ਼ਨ ਦੀ ਨਹੀਂ ਕੀਤੀ ਗਈ ਵਰਤੋਂ : ਅਲੈਗਜ਼ੈਂਡਰ ਟਰੂਡੋ



ਓਟਵਾ, 4 ਮਈ (ਪੋਸਟ ਬਿਊਰੋ) : ਬੁੱਧਵਾਰ ਨੂੰ ਹਾਊਸ ਕਮੇਟੀ ਸਾਹ-ਮਣੇ ਆਪਣਾ ਪੱਖ ਰੱਖਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਭਰਾ ਅਲੈਗਜ਼ੈਂਡਰ 'ਸਾਚਾ' ਟਰੂਡੋ ਨੇ ਆਖਿਆ ਕਿ ਟਰੂਡੋ ਫਾਊਂਡੇਸ਼ਨ ਦੀ ਵਰਤੋਂ ਕਿਸੇ ਵੀ ਤਰ੍ਹਾਂ ਦੀ ਵਿਦੇਸ਼ੀ ਦਖ਼ਲ, ਕਿਸੇ ਵੀ ਤਰ੍ਹਾਂ ਦੀ ਦਖ਼ਲ ਜਾਂ ਦਖਲ ਦੇ ਇਰਾਦੇ ਲਈ ਨਹੀਂ ਕੀਤੀ ਗਈ।

ਪਿਏਰ ਐਲੀਅਟ ਟਰੂਡੋ ਫਾਊਂਡੇਸ਼ਨ ਵੱਲੋਂ ਚੀਨ ਨਾਲ ਸਬੰਧਤ ਡੋਨੇਸ਼ਨ ਸਵੀਕਾਰਨ ਦੇ ਮੁੱਦੇ ਉੱਤੇ ਅਲੈਗਜ਼ੈਂਡਰ ਟਰੂਡੋ ਨੇ ਆਖਿਆ ਕਿ ਫਾਊਂਡੇਸ਼ਨ ਦੇ ਪਿਛਲੇ ਪ੍ਰੈਜ਼ੀਡੈਂਟ ਵੱਲੋਂ ਕੀਤੀਆਂ ਗਈਆਂ ਬੱਜਰ ਗਲਤੀਆਂ ਦੇ ਨਤੀਜੇ ਵਜੋਂ ਹੀ ਇਸ ਚੈਰੀਟੇਬਲ ਆਰਗੇਨਾਈਜ਼ੇਸ਼ਨ ਹੋਰ ਕੰਮਕਾਰ ਦਾ ਬਾਰੀਕੀ ਨਾਲ ਮੁਲਾਂਕਣ ਸ਼ੁਰੂ ਕੀਤਾ ਗਿਆ। ਚੋਣਾਂ ਵਿੱਚ ਵਿਦੇਸ਼ੀ ਦਖ਼ਲ ਦੇ ਮੁੱਦੇ ਉੱਤੇ ਅਲੈਗਜ਼ੈਂਡਰ ਨੇ ਆਖਿਆ ਕਿ ਫਾਊਂਡੇਸ਼ਨ ਰਾਹੀਂ ਕਿਸੇ ਵੀ ਸ਼ਖ਼ਸ ਜਾਂ ਕਿਸੇ ਵੀ ਮੁਲਕ ਵੱਲੋਂ ਕੈਨੇਡੀਅਨ ਸਰਕਾਰ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ।

ਪਿਏਰ ਐਲੀਅਟ ਟਰੂਡੋ ਫਾਊਂਡੇਸ਼ਨ ਦੇ ਬਾਨੀ ਮੈਂਬਰ ਵਜੋਂ ਅਲੈਗਜ਼ੈਂਡਰ ਟਰੂਡੋ ਪਿਛਲੇ ਦੋ ਦਹਾਕਿਆਂ ਤੋਂ ਆਰਗੇਨਾਈਜ਼ੇਸ਼ਨ ਦੇ ਕੰਮਾਂ ਕਾਰਾਂ ਵਿੱਚ ਸਰਗਰਮੀ ਨਾਲ ਹਿੱਸਾ ਲੈ ਰਹੇ ਹਨ। 2020 ਤੱਕ ਆਰਗੇਨਾਈਜ਼ੇਸ਼ਨ ਦੇ ਐਗਜ਼ੈਕਟਿਵ ਡਾਇਰੈਕਟਰ ਰਹੇ ਅਲੈਗਜ਼ੈਂਡਰ ਉਸ ਸਮੇਂ ਵੀ ਫਾਊਂਡੇਸ਼ਨ ਦੇ ਬੋਰਡ ਵਿੱਚ ਸ਼ਾਮਲ ਸਨ ਜਦੋਂ 2016 ਵਿੱਚ ਚੀਨ ਨਾਲ ਸਬੰਧਤ ਡੋਨੇਸ਼ਨ ਇਸ ਸੰਸਥਾ ਵੱਲੋਂ ਹਾਸਲ ਕੀਤੀ ਗਈ।

ਪ੍ਰਾਪਤ ਜਾਣਕਾਰੀ ਅਨੁਸਾਰ ਫਾਊਂਡੇਸ਼ਨ ਨੇ ਕਈ ਸਾਲ ਪਹਿਲਾਂ 200,000 ਡਾਲਰ ਦੀ ਡੋਨੇਸ਼ਨ ਹਾਸਲ ਕੀਤੀ ਸੀ। ਪਰ ਬਾਅਦ ਵਿੱਚ ਚੀਨ ਨਾਲ ਸੰਭਾਵੀ ਸਬੰਧ ਹੋਣ ਕਾਰਨ ਇਸ ਡੋਨੇਸ਼ਨ ਨੂੰ ਦੋ ਕਿਸ਼ਤਾਂ ਵਿੱਚ ਮੋੜ ਵੀ ਦਿੱਤਾ ਗਿਆ।ਮੋੜੀ ਗਈ ਰਕਮ 140,000 ਡਾਲਰ ਸੀ, ਜਿਸ ਨੂੰ 70,000 ਡਾਲਰ ਦੇ ਦੋ ਚੈੱਕਾਂ ਰਾਹੀਂ ਮੋੜਿਆ ਗਿਆ। ਪਰ ਇਹ ਖਬਰਾਂ ਵੀ ਮਿਲੀਆਂ ਕਿ ਇਹ ਫੰਡ ਮੋੜਨ ਦੇ ਮੁੱਦੇ ਉੱਤੇ ਫਾਊਂਡੇਸ਼ਨ ਦੇ ਅੰਦਰ ਹੀ ਤਰੇੜਾਂ ਪੈ ਗਈਆਂ।

ਫਿਰ ਅਪਰੈਲ ਦੇ ਮੱਧ ਵਿੱਚ ਫਾਊਂਡੇਸ਼ਨ ਦੇ ਸਮੁੱਚੇ ਬੋਰਡ ਆਫ ਡਾਇਰੈਕਟਰਜ਼ ਤੇ ਪ੍ਰੈਜ਼ੀਡੈਂਟ ਤੇ ਸੀਈਓ ਨੇ ਅਸਤੀਫਾ ਦੇ ਦਿੱਤਾ। ਇਸ ਦਾ ਕਾਰਨ ਫਾਊਂਡੇਸ਼ਨ ਦਾ ਸਿਆਸੀਕਰਨ ਦੱਸਿਆ ਗਿਆ। ਜ਼ਿਕਰਯੋਗ ਹੈ ਕਿ ਲੰਮਾਂ ਸਮਾਂ ਪਹਿਲਾਂ ਹੀ ਪ੍ਰਧਾਨ ਮੰਤਰੀ ਟਰੂਡੋ ਇਸ ਫਾਊਂਡੇਸ਼ਨ ਦੇ ਕੰਮਕਾਜ ਨਾਲ ਆਪਣਾ ਕੋਈ ਸਬੰਧ ਹੋਣ ਦੇ ਮੁੱਦੇ ਤੋਂ ਪੱਲਾ ਝਾੜ ਚੁੱਕੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਫਾਊਂਡੇਸ਼ਨ, ਜੋ ਕਿ ਉਨ੍ਹਾਂ ਦੇ ਪਿਤਾ ਦੇ ਨਾਂ ਉੱਤੇ ਬਣਾਈ ਗਈ, ਦਾ ਕੰਮਕਾਜ ਉਨ੍ਹਾਂ ਦਾ ਭਰਾ ਅਲੈਗਜ਼ੈਂਡਰ ਟਰੂਡੋ ਹੀ ਵੇਖਦਾ ਹੈ।

# ਸ਼ੂਟਿੰਗ ਵਿੱਚ ਇੱਕ ਜ਼ਖ਼ਮੀ, 2 ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪੁਲਿਸ



ਟੋਰਾਂਟੋ, 4 ਮਈ (ਪੋਸਟ ਬਿਊਰੋ) : ਮਾਰਟਿਨ ਗਰੋਵ ਰੋਡ ਤੇ ਫਿੰਚ ਐਵਨਿਊ ਵੈਸਟ ਉੱਤੇ ਸੋਮਵਾਰ ਨੂੰ ਇੱਕ ਵਿਅਕਤੀ ਨੂੰ ਗੋਲੀ ਮਾਰਨ ਵਾਲੇ ਦੋ ਮਸ਼ਕੂਕਾਂ ਦੀ ਟੋਰਾਂਟੋ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ।ਇਲਾਕੇ ਵਿੱਚ ਲੜਾਈ ਤੋਂ ਬਾਅਦ ਗੋਲੀਆਂ ਚੱਲਣ ਦੀਆਂ ਰਿਪੋਰਟਾਂ ਮਿਲਣ ਮਗਰੋਂ ਦੁਪਹਿਰੇ 4:24 ਉੱਤੇ ਪੁਲਿਸ ਘਟਨਾ ਵਾਲੀ ਥਾਂ ਉੱਤੇ ਪਹੁੰਚੀ। ਮੌਕੇ ਤੋਂ ਕਈ ਲੋਕਾਂ ਨੂੰ ਭੱਜਦਿਆਂ ਵੇਖਿਆ ਗਿਆ। ਜਦੋਂ ਪੁਲਿਸ ਘਟਨਾ ਵਾਲੀ ਥਾਂ ਉੱਤੇ ਪਹੁੰਚੀ ਤਾਂ ਉਨ੍ਹਾਂ ਨੂੰ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ। ਪਰ ਉਸ ਦੇ ਜ਼ਖ਼ਮ ਜਾਨਲੇਵਾ ਨਹੀਂ ਸਨ।ਪੁਲਿਸ ਇਸ ਸਮੇਂ ਦੋ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ।ਇਸ ਸਬੰਧ ਵਿੱਚ ਕੋਈ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜ਼ਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਇਮੇਲ ਕਰੋ: brargaragedoors@gmail.com

SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਜਸਟਿਨ ਟਰੂਡੋ ਨੇ ਕੈਨੇਡਾ ਵਿਚ ਖਾਲਸਾ ਸਾਜਨਾ ਦਿਵਸ ਮੌਕੇ ਨਗਰ ਕੀਰਤਨ ਵਿਚ ਕੀਤੀ ਸ਼ਮੂਲੀਅਤ








ਓਨਟਾਰੀਓ, 4 ਮਈ (ਪੋਸਟ ਬਿਊਰੋ): 30 ਅਪ੍ਰੈਲ ਦਿਨ ਐਤਵਾਰ ਨੂੰ ਕੈਨੇਡਾ ਵਿੱਚ ਖ਼ਾਲਸਾ ਸਜਾਨਾ ਦਿਵਸ ਮੌਕੇ ਸਜਾਏ ਗਏ ਨਗਰ ਕੀਰਤਨ ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸ਼ਮੂਲੀਅਤ ਕੀਤੀ ਅਤੇ ਸ਼ਰਧਾ ਦਾ ਪ੍ਰਗਟਾਵਾ ਕੀਤਾ . ਉਨ੍ਹਾਂ ਕਿਹਾ ਕਿ ਨਗਰ ਕੀਰਤਨ ਵਿੱਚ ਸ਼ਾਮਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਅਤੇ ਪ੍ਰਬੰਧਕਾਂ ਨਾਲ ਤਸਵੀਰ ਕਰਵਾਉਣ ਦਾ ਮੌਕਾ ਮਿਲਿਆ। ਇਹ ਨਗਰ ਕੀਰਤਨ ਕੈਨੇਡਾ ਦੇ ਸ਼ਹਿਰ ਟਰਾਂਟੋ ਡਾਊਨ ਟਾਊਨ ਦੇ ਗਰਾਊਂਡ ਨੈਥਨਫਿਲਪਸ ਸਕੇਅਰ ਟਰਾਂਟੋ ਦੇ ਇਤਹਾ–ਸਕ ਮੈਦਾਨ ਵਿੱਚ ਜਾ ਕੇ ਸਮਾਪਤ ਹੋਇਆ ਇਸ ਨਗਰ ਕੀਰਤਨ ਦਾ ਪ੍ਰਬੰਧ ਊਨਟਾਰਿਓ ਸਿੱਖ ਗੁਰਦੂਆਰਾ ਕੌਂਸਲ ਨੇ ਕੀਤਾ ਸੀ ਨਗਰ ਕੀਰਤਨ ਦੇ ਸਮਾਪਤੀ ਸਮਾਗਮ ਸਮੇਂ ਸੰਗਤਾਂ ਵੱਲੋਂ ਵੱਖ ਵੱਖ ਤਰਾਂ ਦ ਲੰਗਰ ਲਗਾਏ ਗਏ ਸਨ . ਜ਼ੋਰਦਾਰ ਬਾਰਿਸ਼ ਦੇ ਬਾਵਜੂਦ ਸੰਗਤਾਂ ਨੇ ਨਗਰ ਕੀਰਤਨ ਵਿੱਚ ਛੱਤਰੀਆਂ ਲੈ ਕੇ ਲੰਮਾ ਸਮਾਂ ਹਾਜ਼ਰੀ ਭਰੀ ਇਸ ਨਗਰ ਕੀਰਤਨ ਨੇ ਪੰਜਾਬ ਦੇ ਇਤਿਹਾਸਕ ਸ਼ਹਿਰ ਅਨੰਦਪੁਰ ਸਾਹਿਬ ਦੀ ਯਾਦ ਦੀਵਾ ਦਿੱਤੀ

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸ਼ਮੂਲੀਅਤ, ਮੈਂਬਰ ਪਾਰਲੀਮੈਂਟ ਅਤੇ ਆਪੋਜੀਸਨ ਆਗੂ ਜਗਮੀਤ ਸਿੰਘ ਅਤੇ ਸਾਬਕਾ ਐਮ.ਪੀ ਰੂਬੀ ਸਮੇਤ ਵੱਡੀ ਗਿਣਤੀ ਵਿੱਚ ਰਾਜਸੀ ਲੋਕਾਂ ਦੀ ਸ਼ਮੂਲੀਅਤ ਨੇ ਸਿੱਖਾਂ ਵਲੋਂ ਕੈਨੇਡਾ ਦੇ ਵਿਕਾਸ ਵਿੱਚ ਪਾਏ ਯੋਗਦਾਨ ਨੂੰ ਮਾਨਤਾ ਦਿੱਤੀ ਇਸ ਤੋਂ ਇਲਾਵਾ ਕੌਂਸਲ ਦੇ ਚੇਅਰਮੈਨ, ਕੁਲਤਾਰ ਸਿੰਘ ਗਿੱਲ, ਮਨਜੀਤ ਸਿੰਘ ਪਰਮਾਰ, ਭੁਪਿੰਦਰ ਸਿੰਘ ਊੱਬੀ, ਇੰਦਰਜੀਤ ਸਿੰਘ ਜਗਰਾਓ, ਹਰਬੰਸ ਸਿੰਘ ਜੰਡਾਲੀ, ਅਜਮੇਰ ਸਿੰਘ ਮਡੇਰ, ਪਾਲ ਸਿੰਘ ਬਡਬਾਲ, ਜਸਵੀਰ ਸਿੰਘ ਚੀਮਾ ਮੰਡੀਆਂ, ਸੁਖਜੀਤ ਸਿੰਘ ਚਹਿਲ ਸਮੇਤ ਵੱਖ ਵੱਖ ਗੁਰਦੂਆਰੇ ਸਾਹਿਬਾਨ ਜਿਵੇ ਗੋਲਡਨ ਡਰਾਇੰਗਲ ਐਸੋਸੀਏਸਨ ਕਿਚਨਰ, ਗੋਲਫ ਸਿੱਖ ਸੁਸਾਇਟੀ ਗੋਲਫ, ਗੁਰਦੂਆਰਾ ਦਸਮੇਸ ਦਰਬਾਰ ਬ੍ਰਹਿਮਟਨ, ਗੁਰੂ ਨਾਨਕ ਮਿਸ਼ਨ ਸੈਟਰ ਬ੍ਰਹਿਮਟਨ, ਗੁਰਸਿੱਖ ਸੰਗਤ ਹਮਿਲਟਨ, ਹੋਲਟਨ ਸਿੱਖ ਕਲਚਰਲ ਐਸੋਸੀਏਸਨ ਓਕਬਿੱਲ, ਲੰਡਨ ਸਿੱਖ ਸੁਸਾਇਟੀ ਲੰਡਨ, ਓਨਟਾਰਿਓ ਖ਼ਾਲਸਾ ਦਰਬਾਰ ਮਿਸੀਸਾਗਾ, ਰਾਮਗੜੀਆ ਐਸੋਸੀਏਸਨ ਸਟੋਨੀਕਰੀ, ਰਾਮਗੜੀਆ ਸਿੱਖ ਸੁਸਾਇਟੀ ਨੌਰਥ ਯੌਰਕ, ਰੈਕਸਡੇਲ ਸਿੱਘ ਸਭਾ ਇਟੋਬਿਕੋ, ਸਿੱਖ ਐਸੋਸੀਏਸਨ ਆਫ ਬ੍ਰਹਿਡਫੋਰਡ ,ਸਿੱਖ ਕਲਚਰਲ ਸੁਸਾਇਟੀ ਬਿੰਡਸਰ, ਸਿੱਖ ਹੈਰੀਟੇਜ ਸੈਟਰ ਬ੍ਰਹਿਮਟਨ, ਸਿੱਖ ਸਪੂਰਚਅਲ ਸੈਟਰ ਰੈਕਸਡੇਲ , ਸਿੱਖ ਸੁਸਾਇਟੀ ਹਮਿਲਟਨ ਵੈਟਵਰਥ ਆਦਿ ਗੁਰਦੂਆਰੇ ਸਾਹਿਬਾਨ ਅਤੇ ਸਭਾ ਸੁਸਾਇਟੀਆ ਨੇ ਰਲ਼ ਮਿਲ ਕੇ ਸਾਰੇ ਪ੍ਰਬੰਧ ਕੀਤੇ।

## ਚੱਲਦੀ ਟਰੇਨ ਦੀ ਛੱਤ ਉੱਤੇ ਚੜ੍ਹਨ ਦੀ ਕੋਸ਼ਿਸ਼ ਕਰਨ ਵਾਲਾ ਲੜਕਾ ਹੋਇਆ ਜ਼ਖ਼ਮੀ




ਟੋਰਾਂਟੋ, 4 ਮਈ (ਪੋਸਟ ਬਿਊਰੋ) : ਸਕਾਰਬਰੋ ਵਿੱਚ ਵਾਰਡਨ ਸਟੇਸ਼ਨ ਉੱਤੇ ਚੱਲਦੀ ਹੋਈ ਸਬਵੇਅ ਟਰੇਨ ਉੱਤੇ ਚੜ੍ਹਨ ਦੀ ਕੋਸ਼ਿਸ਼ ਕਰਨ ਵਾਲੇ 16 ਸਾਲਾਂ ਦੇ ਲੜਕੇ ਨੂੰ ਸਿਰ ਵਿੱਚ ਸੱਟਾਂ ਲੱਗੀਆਂ।

ਟੋਰਾਂਟੋ ਪੁਲਿਸ ਨੂੰ ਸੋਮਵਾਰ ਨੂੰ ਸ਼ਾਮੀਂ 6:15 ਵਜੇ ਦੇ ਨੇੜੇ ਤੇੜੇ ਟੀਟੀਸੀ ਸਬਵੇਅ ਸਟੇਸ਼ਨ ਉੱਤੇ ਸੱਦਿਆ ਗਿਆ। ਜਾਚਕਾਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਇੱਕ ਲੜਕੇ ਦੇ ਚੱਲਦੀ ਹੋਈ ਸਬਵੇਅ ਟਰੇਨ ਦੀ ਛੱਤ ਉੱਤੇ ਚੜ੍ਹਨ ਦੀ ਕੋਸ਼ਿਸ਼ ਕਰਨ ਸਮੇਂ ਡਿੱਗ ਜਾਣ ਦੀਆਂ ਖਬਰਾਂ ਮਿਲੀਆਂ ਸਨ। ਟਰੇਨ ਤੋਂ ਡਿੱਗਣ ਸਮੇਂ ਲੜਕੇ ਦੇ ਸਿਰ ਵਿੱਚ ਸੱਟ ਲੱਗੀ ਤੇ ਹੁਣ ਉਹ ਗੰਭੀਰ ਜ਼ਖ਼ਮੀ ਹੈ। ਡਿਊਟੀ ਇੰਸਪੈਕਟਰ ਮਾਈਕਲ ਹੇਲਜ਼ ਨੇ ਦੱਸਿਆ ਕਿ ਪੈਰਾਮੈਡਿਕਸ ਦੇ ਪਹੁੰਚਣ ਤੋਂ ਪਹਿਲਾਂ ਹੀ ਉੱਥੇ ਮੌਜੂਦ ਲੋਕਾਂ ਨੇ ਲੜਕੇ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ। ਉਸ ਨੂੰ ਸਿਰ ਵਿੱਚ ਗੰਭੀਰ ਸੱਟਾਂ ਲੱਗਣ ਕਾਰਨ ਟਰੌਮਾ ਸੈਂਟਰ ਲਿਜਾਇਆ ਗਿਆ ਪਰ ਹੁਣ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ।

ਹੇਲਜ਼ ਨੇ ਦੱਸਿਆ ਕਿ ਹਸਪਤਾਲ ਵਿੱਚ ਲੜਕੇ ਦਾ ਸੀਟੀ ਸਕੈਨ ਵੀ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਹੋਰ ਜਾਣਕਾਰੀ ਇੱਕਠੀ ਕਰਨ ਤੋਂ ਬਾਅਦ ਇਸ ਮਾਮਲੇ ਦੇ ਹੋਰ ਵੇਰਵੇ ਜਾਰੀ ਕੀਤੇ ਜਾਣਗੇ। ਇਹ ਸਪਸ਼ਟ ਨਹੀਂ ਹੋ ਸਕਿਆ ਕਿ ਇਸ ਲੜਕੇ ਨੂੰ ਚਾਰਜ ਕੀਤਾ ਜਾਵੇਗਾ ਜਾਂ ਨਹੀਂ।

## ਪਿੱਕਅੱਪ ਟਰੱਕ ਘਰ ਨਾਲ ਟਕਰਾਇਆ, ਬੱਚੀ ਜ਼ਖ਼ਮੀ



ਬਰੈਂਪਟਨ, 4 ਮਈ (ਪੋਸਟ ਬਿਊਰੋ) : ਬਰੈਂਪਟਨ ਦੇ ਇੱਕ ਘਰ ਨਾਲ ਪਿੱਕਅੱਪ ਟਰੱਕ ਟਕਰਾ ਜਾਣ ਕਾਰਨ ਇੱਕ ਨਿੱਕੀ ਬੱਚੀ ਜ਼ਖ਼ਮੀ ਹੋ ਗਈ। ਜਿਸ ਸਮੇਂ ਇਹ ਟਰੱਕ ਘਰ ਨਾਲ ਟਕਰਾਇਆ ਉਸ ਸਮੇਂ ਉਹ ਬੱਚੀ ਆਪਣੇ ਕਮਰੇ ਵਿੱਚ ਸੌਂ ਰਹੀ ਸੀ।

ਚਿੰਗੁਆਕਸੀ ਰੋਡ ਤੇ ਬੋਵੇਅਰਡ ਡਰਾਈਵ ਨੇੜੇ ਐਡਨਬਰੁੱਕ ਹਿੱਲ ਡਰਾਈਵ ਉੱਤੇ ਰਾਤੀਂ 11:45 ਉੱਤੇ ਵਾਪਰੀ ਇਸ ਘਟਨਾ ਤੋਂ ਬਾਅਦ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਖਬਰ ਮਿਲੀ ਕਿ ਇੱਕ ਪਿੱਕਅੱਪ ਟਰੱਕ ਪਹਿਲਾਂ ਪਾਰਕ ਕੀਤੀਆਂ ਦੋ ਗੱਡੀਆਂ ਨਾਲ ਟਕਰਾਇਆ ਤੇ ਫਿਰ ਇੱਕ ਘਰ ਦੀ ਕੰਧ ਨੂੰ ਤੋੜਦਾ ਹੋਇਆ ਕਾਫੀ ਅੰਦਰ ਤੱਕ ਚਲਾ ਗਿਆ। ਇਸ ਘਰ ਵਿੱਚ ਲੋਕ ਮੌਜੂਦ ਸਨ। ਜਿਸ ਕਮਰੇ ਨਾਲ ਇਹ ਟਰੱਕ ਟਕਰਾਇਆ, ਉਸ ਵਿੱਚ ਬੱਚੀ ਸੌਂ ਰਹੀ ਸੀ। ਉਸ ਨੂੰ ਮਾਮੂਲੀ ਸੱਟਾਂ ਲੱਗੀਆਂ ਤੇ ਇਲਾਜ ਲਈ ਉਸ ਨੂੰ ਹਸਪਤਾਲ ਲਿਜਾਇਆ ਗਿਆ।

ਪੁਲਿਸ ਨੇ ਆਖਿਆ ਕਿ ਬੱਚੀ ਨੂੰ ਗੰਭੀਰ ਸੱਟਾਂ ਨਹੀਂ ਲੱਗੀਆਂ ਇਸ ਦਾ ਬਚਾਅ ਹੋ ਗਿਆ। ਡਰਾਈਵਰ ਮੌਕੇ ਤੋਂ ਪੈਦਲ ਹੀ ਫਰਾਰ ਹੋ ਗਿਆ ਤੇ ਉਸ ਨੂੰ ਲੋਕਾਂ ਨੇ ਲੰਗੜਾਉਂਦਿਆਂ ਹੋਇਆਂ ਉੱਥੋਂ ਭੱਜਦਿਆਂ ਵੇਖਿਆ। ਬਾਅਦ ਵਿੱਚ ਪੁਲਿਸ ਅਧਿਕਾਰੀਆਂ ਨੇ ਉਸ ਦੀ ਪੈੜ ਨੱਪ ਕੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਟਰੱਕ ਵਿੱਚ ਸਵਾਰ ਇੱਕ ਪੈਸੈਂਜਰ ਨੂੰ ਵੀ ਹਸਪਤਾਲ ਲਿਜਾਇਆ ਗਿਆ ਪਰ ਉਸ ਦੇ ਬਹੁਤੀਆਂ ਸੱਟਾਂ ਨਹੀਂ ਸਨ ਲੱਗੀਆਂ। ਹਾਦਸਾ ਕਿਉਂ ਵਾਪਰਿਆ ਇਸ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਮਿਲੀ ਹੈ।

## ਇੰਟਰਨੈਸ਼ਨਲ ਏਅਰ ਟਰੈਵਲਰਜ਼ ਤੇ ਕੈਨੇਡੀਅਨਜ਼ ਲਈ ਕੋਵਿਡ-19 ਵੈਕਸੀਨ ਦੀਆਂ ਸ਼ਰਤਾਂ ਖ਼ਤਮ ਕਰੇਗਾ ਅਮਰੀਕਾ



ਵਾਸ਼ਿੰਗਟਨ, 4 ਮਈ (ਪੋਸਟ ਬਿਊਰੋ) : ਅਗਲੇ ਹਫਤੇ ਤੋਂ ਅਮਰੀਕਾ ਇੰਟਰਨੈਸ਼ਨਲ ਏਅਰ ਟਰੈਵਲਰਜ਼ ਤੇ ਬਾਰਡਰਜ਼ ਉੱਤੇ ਕੈਨੇਡੀਅਨਜ਼ ਲਈ ਕੋਵਿਡ-19 ਸਬੰਧੀ ਵੈਕਸੀਨ ਦੀਆਂ ਸ਼ਰਤਾਂ ਨੂੰ ਖ਼ਤਮ ਕਰਨ ਜਾ ਰਿਹਾ ਹੈ।

11 ਮਈ ਨੂੰ ਇੰਟਰਨੈਸ਼ਨਲ ਏਅਰ ਟਰੈਵਲਰਜ਼, ਫੈਡਰਲ ਇੰਪਲੌਈਜ਼ ਤੇ ਫੈਡਰਲ ਕਾਂਟਰੈਕਟਰਜ਼ ਨੂੰ ਕੋਵਿਡ-19 ਵੈਕਸੀਨੇਸ਼ਨ ਦਾ ਸਬੂਤ ਨਹੀਂ ਵਿਖਾਉਣਾ ਹੋਵੇਗਾ। ਸੋਮਵਾਰ ਨੂੰ ਇਹ ਜਾਣਕਾਰੀ ਵ੍ਹਾਈਟ ਹਾਊਸ ਵੱਲੋਂ ਇੱਕ ਬਿਆਨ ਜਾਰੀ ਕਰਕੇ ਦਿੱਤੀ ਗਈ। ਇਸ ਬਿਆਨ ਵਿੱਚ ਆਖਿਆ ਗਿਆ ਕਿ ਸਾਡੀ ਕੋਵਿਡ-19 ਵੈਕਸੀਨ ਦੀਆਂ ਸ਼ਰਤਾਂ ਕਾਰਨ ਤੇ ਇਸ ਸਬੰਧੀ ਚਲਾਈ ਗਈ ਵਿਸ਼ੇਸ਼ ਕੈਂਪੇਨ ਸਦਕਾ ਦੇਸ਼ ਭਰ ਵਿੱਚ ਕਈ ਮਿਲੀਅਨ ਲੋਕਾਂ ਦੀਆਂ ਜਾਨਾਂ ਬਚ ਗਈਆਂ। ਇਹ ਵੀ ਆਖਿਆ ਗਿਆ ਕਿ ਹੁਣ ਵੈਕਸੀਨ ਸਬੰਧੀ ਇਨ੍ਹਾਂ ਸ਼ਰਤਾਂ ਦੀ ਲੋੜ ਨਹੀਂ ਰਹਿ ਗਈ ਹੈ ਕਿਉਂਕਿ ਅਸੀਂ ਵੱਖਰੇ ਪੜਾਅ ਵਿੱਚ ਪਹੁੰਚ ਚੁੱਕੇ ਹਾਂ।

ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਯੂਐਸ ਡਿਪਾਰਟਮੈਂਟ ਆਫ ਹੈਲਥ ਐਂਡ ਹਿਊਮਨ ਸਰਵਿਸਿਜ਼ ਅਤੇ ਯੂਐਸ ਡਿਪਾਰਟਮੈਂਟ ਆਫ ਹੋਮਲੈਂਡ ਸਕਿਊਰਿਟੀ ਵੀ ਵੈਕਸੀਨੇਸ਼ਨ ਦੀ ਲੋੜ ਸਬੰਧੀ ਪ੍ਰਕਿਰਿਆ ਨੂੰ ਖ਼ਤਮ ਕਰਨ ਜਾ ਰਹੇ ਹਨ। ਵਾਈਟ ਹਾਊਸ ਨੇ ਇਹ ਵੀ ਆਖਿਆ ਕਿ ਵੈਕਸੀਨੇਸ਼ਨ ਸਬੰਧੀ ਇਸ ਤਰ੍ਹਾਂ ਦੇ ਹੋਰ ਫੈਸਲਿਆਂ ਬਾਰੇ ਆਉਣ ਵਾਲੇ ਦਿਨਾਂ ਵਿੱਚ ਸਾਰਿਆਂ ਨੂੰ ਜਾਣੂ ਕਰਵਾਇਆ ਜਾਵੇਗਾ।

## ਜੰਗਲ ਵਿੱਚ ਲਾਸ਼ ਮਿਲਣ ਮਗਰੋਂ ਵਿਦਿਆਰਥੀਆਂ ਨੂੰ ਸਕੂਲ ਟਰਿੱਪ ਵਿਚਾਲੇ ਛੱਡਣਾ ਪਿਆ




ਕਿਊਬਿਕ, 4 ਮਈ (ਪੋਸਟ ਬਿਊਰੋ) : ਮੰਗਲਵਾਰ ਨੂੰ ਫੀਲਡ ਟਰਿੱਪ ਉੱਤੇ ਗਏ ਸ਼ੇਰਬਰੁਕ, ਕਿਊਬਿਕ ਦੇ ਐਲੀਮੈਂਟਰੀ ਸਕੂਲ ਦੇ ਬੱਚਿਆਂ ਨੂੰ ਜੰਗਲੀ ਇਲਾਕੇ ਵਿੱਚ ਲਾਸ਼ ਮਿਲਣ ਮਗਰੋਂ ਟਰਿੱਪ ਵਿਚਾਲੇ ਛੱਡ ਕੇ ਮੁੜਨਾ ਪਿਆ।

ਸ਼ੇਰਬਰੁੱਕ ਪੁਲਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਤੇ ਦੱਸਿਆ ਗਿਆ ਕਿ ਮਾਮਲੇ ਦੀ ਜਾਂਚ ਚੱਲ ਰਹੀ ਹੈ। ਪਰ ਉਨ੍ਹਾਂ ਇਸ ਸਬੰਧ ਵਿੱਚ ਹੋਰ ਜਾਣਕਾਰੀ ਦੇਣ ਤੋਂ ਇਨਕ–ਾਰ ਕਰ ਦਿੱਤਾ। ਮੌਂਟ ਬੈਲੇਵਿਊ ਪਾਰਕ ਵਿੱਚ ਮਿਲੀ ਇਸ ਲਾਸ਼ ਬਾਰੇ ਨੌਤਰੇ ਡੇਮ ਡੂ ਰੋਜ਼ੇਅਰ ਸਕੂਲ ਨੇ ਈਮੇਲ ਭੇਜ ਕੇ ਬੱਚਿਆਂ ਦੇ ਮਾਪਿਆਂ ਨੂੰ ਜਾਣਕਾਰੀ ਦਿੱਤੀ।

ਅਗਲੇ ਕੁੱਝ ਦਿਨਾਂ ਤੱਕ ਮਾਪਿਆਂ ਨੂੰ ਵੀ ਆਪਣੇ ਬੱਚਿਆਂ ਉੱਤੇ ਨਜ਼ਰ ਰੱਖਣ ਦੀ ਸਲਾਹ ਦਿੱਤੀ ਗਈ ਹੈ। ਸਕੂਲ ਦੇ ਪ੍ਰਿੰਸੀਪਲ ਵੱਲੋਂ ਮਾਪਿਆਂ ਨੂੰ ਭਰੋਸਾ ਦਿਵ–ਾਇਆ ਗਿਆ ਹੈ ਕਿ ਸਕੂਲ ਵਿੱਚ ਬੱਚਿਆਂ ਨੂੰ ਜਿਸ ਤਰ੍ਹਾਂ ਦੀ ਮਦਦ ਦੀ ਲੋੜ ਹੋਵੇਗੀ ਉਹ ਮੁਹੱਈਆ ਕਰਵਾਈ ਜਾਵੇਗੀ।

## ਗੱਡੀ ਦੀ ਟੱਕਰ ਨਾਲ 8 ਸਾਲਾ ਬੱਚੀ ਦੀ ਹੋਈ ਮੌਤ




ਹਾਲਟਨ, 4 ਮਈ (ਪੋਸਟ ਬਿਊਰੋ) : ਬਰਲਿੰਗਟਨ ਵਿੱਚ ਹਾਈ ਸਕੂਲ ਦੇ ਬਾਹਰ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ 8 ਸਾਲਾ ਬੱਚੀ ਦੀ ਮੌਤ ਹੋ ਗਈ। ਇਹ ਜਾਣਕਾਰੀ ਹਾਲਟਨ ਪੁਲਿਸ ਨੇ ਦਿੱਤੀ।

ਬੁੱਧਵਾਰ ਨੂੰ ਸ਼ਾਮੀਂ 5:30 ਵਜੇ ਤੋਂ ਬਾਅਦ ਬਰਲਿੰਗਟਨ ਸੈਂਟਰਲ ਸੈਕੰਡਰੀ ਸਕੂਲ ਦੇ ਪਾਰਕਿੰਗ ਲੌਟ ਵਿੱਚ ਰਾਹਗੀਰ ਨੂੰ ਕਾਰ ਵੱਲੋਂ ਟੱਕਰ ਮਾਰੇ ਜਾਣ ਦੀਆਂ ਖਬਰਾਂ ਦੇ ਕੇ ਪੁਲਿਸ ਅਧਿਕਾਰੀਆਂ ਨੂੰ ਸੱਦਿਆ ਗਿਆ। ਮੌਕੇ ਉੱਤੇ ਪਹੁੰਚੇ ਪੈਰਾਮੈਡਿਕਸ ਵੱਲੋਂ 8 ਸਾਲਾ ਬੱਚੀ ਦੀ ਹਾਲਤ ਦਾ ਜਾਇਜ਼ਾ ਲਿਆ ਗਿਆ ਤੇ ਮੁੱਢਲੀ ਸਹਾਇਤਾ ਤੋਂ ਬਾਅਦ ਉਸ ਨੂੰ ਹੈਮਿਲਟਨ ਵਿੱਚ ਮੈਕਮਾਸਟਰ ਚਿਲਡਰਨਜ਼ ਹਸਪਤਾਲ ਲਿਜਾਇਆ ਗਿਆ। ਪਰ ਉੱਥੇ ਬੱਚੀ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ 21 ਸਾਲਾ ਪੁਰਸ਼ ਡਰਾਈਵਰ ਇਸ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਮੌਕੇ ਤੋਂ ਫਰਾਰ ਹੋ ਗਿਆ ਪਰ ਕੁੱਝ ਸਮੇਂ ਬਾਅਦ ਹੀ ਉਸ ਨੂੰ ਇਸੇ ਏਰੀਆ ਵਿੱਚ ਸਥਿਤ ਉਸ ਦੇ ਘਰ ਤੋਂ ਗ੍ਰਿਫਤਾਰ ਕਰ ਲਿਆ ਗਿਆ। ਘਟਨਾ ਵਾਲੀ ਥਾਂ ਤੋਂ ਫਰਾਰ ਹੋਣ ਦੇ ਸਬੰਧ ਵਿੱਚ ਡਰਾਈਵਰ ਉੱਤੇ ਚਾਰਜਿਜ਼ ਲਾਏ ਜਾਣਗੇ ਤੇ ਉਸ ਨੂੰ ਕੁੱਝ ਵਾਧੂ ਚਾਰਜਿਜ਼ ਦਾ ਵੀ ਸਾਹਮਣਾ ਵੀ ਕਰਨਾ ਪੈ ਸਕਦਾ ਹੈ।

## ਮਿਸੀਸਾਗਾ ਵਿੱਚ ਆਈਡੀਆ ਸਕੁਏਅਰ ਵੰਨ ਦੀ ਹੋਈ ਗ੍ਰੈਂਡ ਓਪਨਿੰਗ

...ਪੰਨਾ 1 ਦਾ ਬਾਕੀ

ਇਸ ਨਾਲ ਐਂਟਰਪ੍ਰੈਨਿਓਰਜ਼ ਨੂੰ ਵਿਕਾਸ ਕਰਨ, ਆਪਣੇ ਨਿਵੇਕਲੇ ਆਈਡੀਆਜ਼ ਤੇ ਕਾਰੋਬਾਰਾਂ ਨੂੰ ਚਮਕਾਉਣ ਦਾ ਪੂਰਾ ਮੌਕਾ ਮਿਲੇਗਾ। ਇਸ ਮੌਕੇ ਮੇਅਰ ਬੌਨੀ ਕ੍ਰੌਂਬੀ ਨੇ ਆਖਿਆ ਕਿ ਆਈਡੀਆ ਸਕੁਏਅਰ ਵੰਨ ਦੀ ਗ੍ਰੈਂਡ ਓਪਨਿੰਗ ਨਾਲ ਅਸੀਂ ਨਵਾਂ ਮੀਲ ਪੱਥਰ ਰੱਖਣ ਜਾ ਰਹੇ ਹਾਂ। ਇੱਥੇ ਸਾਨੂੰ ਇੱਕ ਛੱਤ ਥੱਲੇ ਹੀ ਐਂਟਰਪ੍ਰੈਨਿਓਰਜ਼, ਸਟਾਰਟ-ਅੱਪਜ਼, ਤੇ ਨਿੱਕੇ ਕਾਰੋਬਾਰੀ ਮਿਲ ਜਾਣਗੇ ਜਿਹੜੇ ਵਿਕਾਸ ਕਰਨਾ ਚਾਹੁੰਦੇ ਹਨ ਤੇ ਨਵੀਆਂ ਬੁਲੰਦੀਆਂ ਛੋਹਣਾ ਚਾਹੁੰਦੇ ਹਨ। ਜ਼ਿਕਰਯੋਗ ਹੈ ਕਿ ਮਿਸੀਸਾਗਾ ਗ੍ਰੇਟਰ ਟੋਰਾਂਟੋ ਏਰੀਆ ਦਾ ਦੂਜਾ ਸੱਭ ਤੋਂ ਵੱਡਾ ਇੰਪਲੌਇਮੈਂਟ ਹੱਬ ਹੈ ਤੇ ਓਨਟਾਰੀਓ ਦਾ ਦੂਜਾ ਸੱਭ ਤੋਂ ਵੱਡਾ ਅਰਥਚਾਰਾ ਹੈ। ਕ੍ਰੌਂਬੀ ਨੇ ਆਖਿਆ ਕਿ ਇਸ ਖੇਤਰ ਵਿੱਚ ਆਈਡੀਆ ਸਕੁਏਅਰ ਵੰਨ ਦੇ ਆਉਣ ਨਾਲ ਸਾਡੇ ਪੈਰ ਹੋਰ ਮਜ਼ਬੂਤ ਹੋਣਗੇ ਤੇ ਅਸੀਂ ਨਵੀਆਂ ਪਿਰਤਾਂ ਪਾ ਸਕਾਂਗੇ। ਇਸ ਨਾਲ ਇਨਫਰਮੇਸ਼ਨ ਤਕਨਾਲੋਜੀ, ਲਾਈਫ ਸਾਇੰਸਿਜ਼ ਤੇ ਐਡਵਾਂਸਡ ਮੈਨੂਫੈਕਚਰਿੰਗ ਵਿੱਚ ਸਾਡੀ ਪਕੜ ਹੋਰ ਮਜ਼ਬੂਤ ਹੋਵੇਗੀ। ਉਨ੍ਹਾਂ ਇਸ ਕੰਮ ਵਿੱਚ ਭਾਈਵਾਲ ਆਕਸਫੋਰਡ ਰਿਐਲਿਟੀ ਪ੍ਰਾਪਰਟੀਜ਼ ਦੇ ਨਾਲ ਨਾਲ ਆਈਡੀਆ ਸਕੁਏਅਰ ਵੰਨ ਦੇ ਸਪਾਂਸਰਜ਼ ਐਮਐਨਪੀ, ਕੇਐਮਬੀ ਲਾਅ ਤੇ ਬਰਸਕਿਨ ਐਂਡ ਪਾਰ ਦਾ ਵੀ ਧੰਨਵਾਦ ਕੀਤਾ।

ਆਈਡੀਆ ਸਕੁਏਅਰ ਵੰਨ ਉੱਤੇ ਹੇਠ ਲਿਖੀਆਂ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ :

- Co-working areas
- Dedicated offices
- Bookable board-rooms
- Access to IDEA events and networking
- Business advisory services
- Mentorship and training

ਇਨੋਵੇਸ਼ਨ ਹੱਬ ਲਈ ਮਹੀਨਾਵਾਰ ਮੈਂਬਰਸ਼ਿਪ ਦੇ ਤਿੰਨ ਪੜਾਅ ਉਪਲਬਧ ਹੋਣਗੇ ਜਿਨ੍ਹਾਂ ਵਿੱਚ ਵੱਖ ਵੱਖ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ। ਮੈਂਬਰਜ਼ ਨੂੰ ਪਹੁੰਚ ਕਰਨ ਤੇ ਇੱਥੇ ਕੰਮ ਕਰਨ ਲਈ ਡੇਅ ਪਾਸ ਵੀ ਉਪਲਬਧ ਹੋਣਗੇ , ਮੁਫਤ ਵਾਈ-ਫਾਈ ਦੀ ਸਹੂਲਤ ਹੋਵੇਗੀ ਤੇ ਹੋਰ ਸਹੂਲਤਾਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ।

## ਇੱਕ ਗਰੁੱਪ ਵਿਚ ਹੋਈ ਲੜਾਈ ਦੌਰਾਨ ਛੁਰੇਬਾਜ਼ੀ ਕਾਰਨ ਦੋ ਜ਼ਖ਼ਮੀ

ਟੋਰਾਂਟੋ, 4 ਮਈ (ਪੋਸਟ ਬਿਊਰੋ) : ਟੋਰਾਂਟੋ ਦੇ ਚਾਈਨਾਟਾਊਨ ਏਰੀਆ ਵਿੱਚ ਸਵੇਰੇ ਤੜ੍ਹਕੇ ਲੋਕਾਂ ਦੇ ਇੱਕ ਗਰੁੱਪ ਦਰਮਿਆਨ ਲੜਾਈ ਹੋਣ ਉੱਤੇ ਛੁਰੇਬਾਜ਼ੀ ਵਿੱਚ ਦੋ ਵਿਅਕਤੀ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ।

ਵੀਰਵਾਰ ਸਵੇਰੇ 7:20 ਦੇ ਨੇੜੇ ਤੇੜੇ ਡੰਡਸ ਸਟਰੀਟ ਵੈਸਟ ਤੇ ਸਪੈਡੀਨਾ ਐਵਨਿਊ ਨੇੜੇ ਕੁੱਝ ਵਿਅਕਤੀਆਂ ਦਰਮਿਆਨ ਲੜਾਈ ਹੋ ਗਈ। ਇਸ ਦੀ ਜਾਣਕਾਰੀ ਮਿਲਣ ਮਗਰੋਂ ਜਦੋਂ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਉਨ੍ਹਾਂ ਨੂੰ ਦੋ ਵਿਅਕਤੀ ਤੇਜ਼ ਧਾਰ ਹਥਿਆਰਾਂ ਨਾਲ ਜ਼ਖ਼ਮੀ ਹੋਏ ਮਿਲੇ। ਪੈਰਾਮੈਡਿਕਸ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਦੋ ਹੋਰਨਾਂ ਵਿਅਕਤੀਆਂ ਦਾ ਇਲਾਜ ਵੀ ਮੌਕੇ ਉੱਤੇ ਹੀ ਕੀਤਾ ਗਿਆ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

ਅਵਾਹੁ ਸਜਨਾ ਹਉਂ ਦੇਖਾਂ ਦਰਸ਼ਨ ਤੇਰਾ ਰਾਮ

GURU NANAK NISHKAM SEWA CENTRE
CANADA
Regd.

ਹਮ ਚਾਕਰ ਗੋਬਿੰਦ ਕੇ ਠਾਕੁਰ ਮੇਰਾ ਭਾਰਾ

GURDWARA SAHIB
GURU NANAK NISHKAM SEWA CENTRE
NON-PROFIT ORGANIZATION
www.gurunanaknishkamsewa.org
12356 Mayfield and Bramalea Rd, Caledon

TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

Harcharan S. Grover
Chartered Accountant

ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ

Call for Professional Advice
905.247.0193
info@grovercpa.ca

GroVerCPA
Professional Corporation

214-7895 Tranmere Drive, Mississauga ON L5S 1V9



# ਮੈਡੀਕਲ ਫੈਸਿਲਿਟੀ ਵਿੱਚ ਹੋਈ ਸ਼ੂਟਿੰਗ ਵਿੱਚ 1 ਹਲਾਕ, 4 ਜ਼ਖ਼ਮੀ

ਐਟਲਾਂਟਾ, 4 ਮਈ (ਪੋਸਟ ਬਿਊਰੋ) : ਐਟਲਾਂਟਾ ਮੈਡੀਕਲ ਫੈਸਿਲਿਟੀ ਵਿੱਚ ਮੌਜੂਦ ਇੱਕ ਵਿਅਕਤੀ ਵੱਲੋਂ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੇ ਜਾਣ ਕਾਰਨ ਇੱਕ ਮਹਿਲਾ ਦੀ ਮੌਤ ਹੋ ਗਈ ਤੇ ਚਾਰ ਹੋਰ ਵਿਅਕਤੀ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਪੁਲਿਸ ਅਧਿਕਾਰੀਆਂ ਨੇ ਦਿੱਤੀ। ਇਸ ਘਟਨਾ ਨੂੰ ਅੰਜਾਮ ਦੇਣ ਵਾਲੇ 24 ਸਾਲਾ ਮਸ਼ਕੂਕ ਦੀ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ।



ਦੁਪਹਿਰ ਤੋਂ ਠੀਕ ਬਾਅਦ ਪੁਲਿਸ ਨੂੰ ਆਫਿਸ ਟਾਵਰਜ਼ ਤੇ ਹਾਈ ਰਾਈਜ਼ ਅਪਾਰਟਮੈਂਟਸ ਨਾਲ ਭਰੇ ਹੋਏ ਕਮਰਸ਼ੀਅਲ ਏਰੀਆ ਵਿੱਚ ਵੈਸਟ ਪੀਚਟਰੀ ਸਟਰੀਟ ਉੱਤੇ ਸਥਿਤ ਨੌਰਥਸਾਈਡ ਮੈਡੀਕਲ ਬਿਲਡਿੰਗ ਵਿੱਚ ਸੱਦਿਆ ਗਿਆ। ਐਟਲਾਂਟਾ ਪੁਲਿਸ ਨੇ ਦੱਸਿਆ ਕਿ ਸ਼ੂਟਰ ਡਿਓਨ ਪੈਟਰਸਨ ਨਾਂ ਦੇ ਵਿਅਕਤੀ ਨੂੰ ਮੰਨਿਆ ਜਾ ਰਿਹਾ ਹੈ। ਪੁਲਿਸ ਨੇ ਆਖਿਆ ਕਿ ਉਸ ਕੋਲ ਹਥਿਆਰ ਹਨ ਤੇ ਉਹ ਖਤਰਨਾਕ ਵੀ ਹੋ ਸਕਦਾ ਹੈ। ਅਧਿਕਾਰੀਆਂ ਵੱਲੋਂ ਮਸ਼ਕੂਕ ਦੀਆਂ ਤਸਵੀਰਾਂ ਵੀ ਜਾਰੀ ਕੀਤੀਆਂ ਗਈਆਂ ਹਨ।

ਐਟਲਾਂਟਾ ਪੁਲਿਸ ਚੀਫ ਡੈਰਿਨ ਸ਼ੇਰਬਾਮ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਗੋਲੀਕਾਂਡ ਵਿੱਚ 39 ਸਾਲਾ ਮਹਿਲਾ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਬਾਕੀ ਜ਼ਖ਼ਮੀਆਂ ਵਿੱਚ ਵੀ ਚਾਰੇ ਮਹਿਲਾਵਾਂ ਹੀ ਹਨ ਜਿਨ੍ਹਾਂ ਦੀ ਉਮਰ 25, 39, 56 ਤੇ 71 ਦੱਸੀ ਜਾਂਦੀ ਹੈ। ਇੱਕ ਨਿਊਜ਼ ਕਾਨਫਰੰਸ ਵਿੱਚ ਐਟਲਾਂਟਾ ਦੇ ਮੇਅਰ ਆਂਦਰੇ ਡਿਕਿਨਜ਼ ਨੇ ਦੱਸਿਆ ਕਿ ਇਹ ਚਾਰੇ ਮਹਿਲਾਵਾਂ ਗ੍ਰੈਡੀ ਹਸਪਤਾਲ ਵਿੱਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੀਆਂ ਹਨ। ਪੁਲਿਸ ਵੱਲੋਂ ਮਸ਼ਕੂਕ ਦੀ ਭਾਲ ਕੀਤੀ ਜਾ ਰਹੀ ਹੈ।

# ਸੜਕਾਂ ਉੱਤੇ ਰੇਸਾਂ ਲਾਉਣ ਤੇ ਸ਼ੋਰ ਪ੍ਰਦੂਸ਼ਣ ਵਿੱਚ ਵਾਧਾ ਕਰਨ ਵਾਲਿਆਂ ਖਿਲਾਫ ਹੋਵੇਗੀ ਸਖ਼ਤੀ

ਬਰੈਂਪਟਨ, 4 ਮਈ (ਪੋਸਟ ਬਿਊਰੋ) : ਸੜਕਾਂ ਉੱਤੇ ਕਰਤਬ ਦਿਖਾਉਣ ਤੇ ਸ਼ੋਰ ਪ੍ਰਦੂਸ਼ਣ ਵਿੱਚ ਵਾਧਾ ਕਰਨ ਵਾਲੇ ਲੋਕਾਂ ਨੂੰ ਠੱਲ੍ਹ ਪਾਉਣ ਲਈ ਪੀਲ ਰੀਜਨਲ ਪੁਲਿਸ ਵੱਲੋਂ ਪ੍ਰੋਜੈਕਟ ਨੌਇਸਮੇਕਰ ਤੇ ਇਰੇਜ਼ ਸ਼ੁਰੂ ਕੀਤੇ ਗਏ ਹਨ।

ਇੱਕ ਨਿਊਜ਼ ਰਲੀਜ਼ ਵਿੱਚ ਪੁਲਿਸ ਨੇ ਦੱਸਿਆ ਕਿ ਅਗਲੇ ਛੇ ਮਹੀਨਿਆਂ ਤੱਕ ਸੜਕਾਂ ਉੱਤੇ ਰੇਸਾਂ ਲਾਉਣ ਵਾਲਿਆਂ ਤੇ ਲੋੜੋਂ ਵੱਧ ਰੌਲਾ ਪਾਉਣ ਵਾਲੀਆਂ ਗੱਡੀਆਂ ਨੂੰ ਨਿਸ਼ਾਨਾ ਬਣਾਇਆ ਜਾਵੇਗਾ। ਡਰਾਈਵਰਾਂ ਨੂੰ ਇਹ ਵੀ ਚੇਤੇ ਕਰਵਾਇਆ ਗਿਆ ਹੈ ਕਿ




ਹਾਈਵੇਅ ਟਰੈਫਿਕ ਐਕਟ ਤੇ ਮਿਊਂਸਪਲ ਬਾਇਲਾਜ਼ ਦੀ ਉਲੰਘਣਾਂ ਕਰਨ ਵਾਲਿਆਂ ਨੂੰ ਚਾਰਜ ਵੀ ਕੀਤਾ ਜਾ ਸਕਦਾ ਹੈ ਤੇ ਉਨ੍ਹਾਂ ਉੱਤੇ ਜੁਰਮਾਨੇ ਵੀ ਲਾਏ ਜਾ ਸਕਦੇ ਹਨ। ਇੱਥੇ ਹੀ ਬੱਸ ਨਹੀਂ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਡਰਾਈਵਰਾਂ ਦੀਆਂ ਗੱਡੀਆਂ ਜ਼ਬਤ ਕਰਨ ਦੇ ਨਾਲ ਨਾਲ ਹੀ ਸੜਕ ਉੱਤੇ ਹੀ ਡਰਾਈਵਰ ਦਾ ਲਾਇਸੰਸ ਵੀ ਸਸਪੈਂਡ ਕੀਤਾ ਜਾ ਸਕਦਾ ਹੈ।

ਪੁਲਿਸ ਅਨੁਸਾਰ ਜਿਨ੍ਹਾਂ ਗੱਡੀਆਂ ਦੇ ਸਾਇਲੰਸਰ ਹੱਦੋਂ ਵੱਧ ਆਵਾਜ਼ ਕਰਦੇ ਪਾਏ ਜਾਂਦੇ ਹਨ ਉਨ੍ਹਾਂ ਨੂੰ ਦੋਸ਼ ਸਿੱਧ ਹੋਣ ਉੱਤੇ 110 ਡਾਲਰ ਤੱਕ ਦਾ ਜੁਰਮਾਨਾ ਹੋ ਸਕੇਗਾ। ਜੇ ਕੋਈ ਸੜਕਾਂ ਉੱਤੇ ਰੇਸਾਂ ਲਾਉਂਦਾ ਫੜ੍ਹਿਆ ਜਾਂਦਾ ਹੈ ਤਾਂ ਉਸ ਨੂੰ ਭਾਰੀ ਜੁਰਮਾਨਾ ਭਰਨਾ ਪੈ ਸਕਦਾ ਹੈ ।

## ਅੱਜ ਨਾਮਾ


ਚੌਥੜਾ ਭੁੱਟੋ ਜਾਂ ਭਾਰਤ ਦੇ ਵੱਲ ਆਇਆ,
ਖਬਰ ਕਈਆਂ ਲਈ ਜਾਪਦੀ ਖਾਸ ਮੀਆਂ।
ਵਿਦੇਸ਼ ਮੰਤਰੀ ਉਹ ਆਪਣੇ ਮੁਲਕ ਵੱਲੋਂ,
ਬੜੀ ਸੰਬੰਧਾਂ ਦੇ ਸੁਧਰਨ ਦੀ ਆਸ ਮੀਆਂ।
ਉਹਦੀ ਅੰਮੀ-ਮਰਹੂਮ ਜਦ ਆਈ ਹੈ ਸੀ,
ਮਗਰੋਂ ਦਿੱਤਾ ਉਸ ਤੋੜ ਵਿਸ਼ਵਾਸ ਮੀਆਂ।
ਭੁੱਟੋ ਨਾਨਾ ਵੀ ਟਿਕਿਆ ਨਹੀਂ ਬਚਨ ਉੱਤੇ,
ਕਰ ਗਿਆ ਸਾਰੇ ਸੰਬੰਧ ਫਿਰ ਨਾਸ ਮੀਆਂ।
ਸੰਤਾਲੀ ਵਿੱਚ ਪੜਨਾਨਾ ਸੀ ਜਦੋਂ ਲੀਡਰ,
ਜੜ੍ਹੀਂ ਚੋਅ ਗਿਆ ਉਹੀ ਸੀ ਅੱਕ ਮੀਆਂ।
ਪੀੜ੍ਹੀਆਂ ਦੋ ਰਹੀਆਂ ਉਸੇ ਈ ਪੰਧ ਉੱਤੇ,
ਨੀਤ ਬਿਲਾਵਲ ਦੀ ਬਾਰੇ ਵੀ ਸ਼ੱਕ ਮੀਆਂ।

**ਤੀਸ ਮਾਰ ਖਾਂ**

# ਤਰਕਸ਼ੀਲ ਸੁਸਾਇਟੀ ਦਾ ਨਾਟਕ ਮੇਲਾ ਕਾਮਯਾਬ ਰਿਹਾ







ਬਰੈਂਪਟਨ:(ਡਾ ਬਲਜਿੰਦਰ ਸਿੰਘ ਸੇਖੋਂ) ਤਰਕਸ਼ੀਲ ਸੋਸਾਇਟੀ ਕਨੇਡਾ ਵਲੋਂ ਸ਼ਹੀਦ ਭਗਤ ਸਿੰਘ ਅਤੇ ਸ਼ਰੋਮਣੀ ਨਾਟਕਕਾਰ ਭਾਅ ਗੁਰਸ਼ਰਨ ਸਿੰਘ ਦੀ ਯਾਦ ਨੂੰ ਸਮਰਪਿਤ ਗੀਤ ਸੰਗੀਤ, ਅਗਾਂਹਵਧੂ ਭਾਸ਼ਣਾ ਨਾਲ ਸ਼ੁਰੂ ਹੋਇਆ ਅਤੇ ਕੁਲਵਿੰਦਰ ਖੈਹਰਾ ਦੇ ਲਿਖੇ ਨਾਟਕ 'ਮੈਂ ਕਿਤੇ ਨਹੀਂ ਗਿਆ' ਨਾਲ ਸਿਖਰ ਤੇ ਪਹੁੰਚਿਆ ਨਾਟਕ ਮੇਲਾ ਬੜਾ ਕਾਮਯਾਬ ਰਿਹਾ। ਪੀਅਰਸਨ ਥੀਏਟਰ ਦਰਸ਼ਕਾਂ ਨਾਲ ਨੱਕੋ ਨੱਕ ਭਰਿਆ ਹੋਇਆ ਸੀ ਅਤੇ ਅਖੀਰ ਤੱਕ ਪ੍ਰੋਗਰਾਮ ਨੂੰ ਸਭ ਨੇ ਬੜੀ ਨੀਝ ਨਾਲ ਵੇਖਿਆ।

ਸਭ ਤੋਂ ਪਹਿਲਾਂ ਰਛਪਾਲ ਪਾਲੀ ਨੇ ਬੜੇ ਜੋਸ਼ ਨਾਲ ਸ਼ਹੀਦ ਉਧਮ ਸਿੰਘ ਬਾਰੇ ਅਪਣੀ ਕਵਿਤਾ ਪੜ੍ਹੀ। ਭਾਰਤ ਤੋਂ ਆਏ ਹੋਏ ਪ੍ਰੋਫੈਸਰ ਚਮਨ ਲਾਲ ਜਿਨ੍ਹਾਂ ਸ਼ਹੀਦੇ ਆਜ਼ਮ ਭਗਤ ਸਿੰਘ ਬਾਰੇ ਕਈ ਖੋਜ ਭਰਪੂਰ ਕਿਤਾਬਾਂ ਲਿਖੀਆਂ ਹਨ, ਨੇ ਸ਼ਹੀਦ ਦੇ ਤਰਕਸ਼ੀਲ ਵਿਚਾਰਾਂ ਬਾਰੇ ਦੱਸਿਆ। ਹਰਮੇਸ਼ ਜਿੰਦੋਵਾਲੀ ਨੇ ਬੜੀ ਸੁਰੀਲੀ ਆਵਾਜ਼ ਵਿੱਚ ਸੰਤ ਰਾਮ ਉਦਾਸੀ ਦਾ ਗੀਤ "ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼" ਗਾਇਆ। ਨਾਟਕ ਦੇ ਲਿਖਾਰੀ ਕੁਲਵਿੰਦਰ ਖਹਿਰਾ ਨੇ ਦੱਸਿਆ ਕਿ ਨਾਟਕ ਸੱਚੀਆਂ ਘਟਨਾਵਾਂ ਤੇ ਅਧਾਰਿਤ ਹੈ ਜਿਨ੍ਹਾ ਬਾਰੇ ਉਸਨੂੰ ਅਪਣੇ ਅਦਾਲਤਾਂ ਦੇ ਕੇਸਾਂ ਦੇ ਅਨੁਵਾਦ ਦੌਰਾਨ ਪਤਾ ਲੱਗਿਆ। ਪਰਮਜੀਤ ਢਿਲੋਂ ਦੀ ਵਧੀਆਂ ਕਵਿਤਾ ਬਾਅਦ ਸੁਸਾਇਟੀ ਦੀ ਕੇਂਦਰੀ ਕਮੇਟੀ ਦੇ ਸਕੱਤਰ ਬਲਦੇਵ ਰਹਿਪਾ ਨੇ ਅਪਣੇ ਵਿਚਾਰ ਰੱਖਦਿਆਂ, ਤਰਕਸ਼ੀਲ ਵਿਚਾਰਾਂ ਦੀ ਮਨੁੱਖੀ ਜ਼ਿੰਦਗੀ ਵਿੱਚ ਮਹੱਤਤਾ ਬਾਰੇ ਚਾਨਣਾ ਪਾਇਆ। ਡਾ ਬਲਜਿੰਦਰ ਸੇਖੋਂ ਨੇ ਜੋ ਇਸ ਪ੍ਰੋਗਰਾਮ ਵਿੱਚ ਮੁੱਖ ਵਕਤਾ ਸਨ, ਪੰਜਾਬੀ ਸਮਾਜ ਅੰਦਰ ਫੈਲੇ ਵਾਧੂ ਵਹਿਮਾਂ ਭਰਮਾਂ ਨੂੰ ਬੇਬੁਨਿਆਦ ਦਸਦਿਆਂ ਕਿਹਾ ਕਿ ਬਹੁਤ ਸਾਰੇ ਲੋਕਾ ਦੇ ਅੰਧਵਿਸ਼ਵਾਸੀ ਹੋਣ ਕਾਰਨ ਚਲਾਕ ਲੋਕ ਉਨ੍ਹਾਂ ਦੀ ਲੁੱਟ ਕਰਦੇ ਹਨ। ਬਲਤੇਜ ਸਿੱਧੂ ਦੇ ਗੀਤ ਨੂੰ ਬੜਾ ਸਰਾਹਿਆ ਗਿਆ।

ਅੰਤਰਰਾਸ਼ਟਰੀ ਵਿਦਿਆਰਥੀ ਸੰਸਥਾ ਤੋਂ ਆਏ ਮਨਦੀਪ ਸਰਾਂ ਨੇ ਕਨੇਡਾ ਦੇ ਪਰਵਾਸੀ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਬਾਰੇ ਦੱਸਦਿਆਂ ਕਿਹਾ ਕਿ ਸੰਸਥਾ ਉਨ੍ਹਾਂ ਦੇ ਹੱਕਾਂ ਲਈ ਸੰਘਰਸ਼ ਸ਼ੀਲ ਹੈ। ਤਰਕਸ਼ੀਲ ਸੁਸਾਇੱਟੀ ਦੀ ਓਨਟਾਰੀਓ ਇਕਾਈ ਦੇ ਪ੍ਰਧਾਨ ਬਲਰਾਜ ਸ਼ੌਕਰ ਨੇ ਸਭ ਦਾ ਧੰਨਵਾਦ ਕੀਤਾ। ਉਨ੍ਹਾਂ ਸਾਰੇ ਮਾਲੀ ਸਹਾਇਤਾ ਦੇਣ ਵਾਲੇ ਸਪਾਂਸਰਾਂ ਅਤੇ ਮੀਡੀਆ ਜਿਸ ਵਿੱਚ ਬਹੁੱਤ ਸਾਰੇ ਅਖਬਾਰ, ਰੇਡੀਓ, ਟੀ ਵੀ ਸ਼ਾਮਿਲ ਹਨ ਦਾ ਖਾਸ ਕਰ ਧੰਨਵਾਦ ਕੀਤਾ। ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਨਾਟਕ ਦੇ ਮੁੱਖ ਕਲਾਕਾਰ ਸੁਰਿੰਦਰ ਸ਼ਰਮਾਂ ਨੇ ਪੰਜਾਬੀ ਬੱਚਿਆਂ ਅਤੇ ਨੌਜਵਾਨਾਂ ਵਿੱਚ ਅਪਣੇ ਅਮੀਰ ਵਿਰਸੇ ਬਾਰੇ ਅਣਜਾਣ ਹੋਣ ਤੇ ਦੁੱਖ ਪ੍ਰਗਟ ਕਰਦਿਆਂ, ਸਭ ਨੂੰ ਇਸ ਬਾਰੇ ਠੋਸ ਉਪਰਾਲੇ ਕਰਨ ਲਈ ਕਿਹਾ। ਸੁਰਿੰਦਰ ਸ਼ਰਮਾਂ ਦੇ ਨਾਲ ਨਾਟਕ ਵਿੱਚ ਸ਼ਾਮਿਲ ਸਾਰੇ ਪਾਤਰਾਂ, ਜਿਸ ਵਿਚ ਅਮਰਿੰਦਰ ਢਿਲੋ ਵਕੀਲ, ਬਲਤੇਜ ਸਿੱਧੂ ਲਾਲਚੀ ਬੌਸ, ਰਿਸ਼ਮ ਸ਼ਰਮਾ ਤੇ ਲੱਵ ਧਵਨ, ਭੈਣਾ ਦਾ ਰੋਲ ਬੜਾ ਹੀ ਵਧੀਆਂ ਸੀ, ਜਿਸ ਕਾਰਨ ਬਹੁਤ ਸਾਰੇ ਦਰਸ਼ਕ ਭਾਵਕ ਹੋ ਗਏ। ਨਾਟਕ ਦੇ ਨਿਰਦੇਸ਼ਕ ਰਜਿੰਦਰ ਸਿੰਘ, ਸੰਗੀਤ ਨਿਰਦੇਸ਼ਕ ਆਰ ਸ਼ੀਨ ਅਤੇ ਗੀਤਕਾਰ ਅਮੋਲਕ ਸਿੰਘ ਸਨ। ਕਹਾਣੀ ਪਰਵਾਸੀ ਵਿਦਿਆਰਥੀ ਦੁਆਲੇ ਘੁੰਮਦੀ ਹੋਣ ਕਾਰਨ ਅਤੇ ਉਨ੍ਹਾਂ ਨੂੰ ਆ ਰਹੀਆਂ ਦਿਕਤਾਂ ਬਾਰੇ ਬਹੁੱਤੇ ਦਰਸ਼ਕਾਂ ਨੂੰ ਅਹਿਸਾਸ ਹੋਣ ਕਰਕੇ ਇਹ ਨਾਟਕ ਲੋਕਾਂ ਦੇ ਮਨ ਤੇ ਇੱਕ ਡੂੰਘੀ ਸ਼ਾਪ ਛੱਡ ਗਿਆ। ਆਏ ਦਰਸ਼ਕਾਂ ਨੇ ਪੁਸਤਕਾਂ ਦੀ ਸਟਾਲਅ ਉਤੇ ਇਨਕਲਾਬੀ ਅਤੇ ਤਕਰਸ਼ੀਲ ਸਹਿਤ ਵਿੱਚ ਬੜੀ ਰੁਚੀ ਵਿਖਾਈ। ਸੁਸਾਇਟੀ ਵਲੋਂ ਸੁਰਿੰਦਰ ਸ਼ਰਮਾਂ ਅਤੇ ਪ੍ਰੋਫੈਸਰ ਚਮਨ ਲਾਲ ਨੂੰ ਸਨਮਾਨਿਤ ਕੀਤਾ ਗਿਆ। ਸਟੇਜ ਦੀ ਕਾਰਵਾਈ ਸੰਸਥਾ ਦੀ ਓਨਟਾਰੀਓ ਇਕਾਈ ਦੇ ਸਕੱਤਰ ਨੇ ਬਾਖੂਬੀ ਨਿਭਾਈ। ਸੁਸਾਇਟੀ ਬਾਰੇ ਹੋਰ ਜਾਣਕਾਰੀ ਲਈ ਬਲਰਾਜ ਸ਼ੌਕਰ (647 679 4398) ਜਾਂ ਬਲਦੇਵ ਰਹਿਪਾ (416 881 7202) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਰਿਪੋਰਟਰ 'ਤੇ ਵਰ੍ਹੇ ਟਰੰਪ, ਜਹਾਜ਼ ਤੋਂ ਉਤਾਰਿਆ, ਨੈੱਟਵਰਕ ਨੂੰ ਕਿਹਾ 'ਫੇਕ ਨਿਊਜ਼'



ਵਾਸ਼ਿੰਗਟਨ, 4 ਮਈ (ਪੋਸਟ ਬਿਊਰੋ): ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਪਰਾਧਿਕ ਜਾਂਚ ਬਾਰੇ ਪੁੱਛੇ ਜਾਣ 'ਤੇ ਇਕ ਰਿਪੋਰਟਰ ਦਾ ਮੋਬਾਈਲ ਫੋਨ ਖੋਹ ਲਿਆ ਅਤੇ ਉਸ ਨੂੰ ਜਹਾਜ਼ ਤੋਂ ਉਤਾਰ ਦਿੱਤਾ। ਟੈਕਸਾਸ ਵਿੱਚ ਇੱਕ ਰੈਲੀ ਤੋਂ ਆਉਂਦੇ ਸਮੇਂ, ਟਰੰਪ ਨੇ ਫਲਾਈਟ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕੀਤੀ।

2024 ਦੀਆਂ ਚੋਣਾਂ ਲਈ ਰਿਪਬਲਿਕਨ ਉਮੀਦਵਾਰ ਆਪਣੇ ਜਹਾਜ਼ 'ਤੇ ਪੱਤਰਕਾਰਾਂ ਦੇ ਇੱਕ ਸਮੂਹ ਨਾਲ ਗੱਲ ਕਰ ਰਿਹਾ ਸੀ ਜਦੋਂ ਇਕ ਮੀਡੀਆ ਹਾਊਸ ਦੇ ਰਿਪੋਰਟਰ ਵਾਨ ਹਿਲੀਅਰਡ ਨੇ ਕਿਹਾ ਕਿ ਉਹ ਬ੍ਰੈਗ ਦੀ ਜਾਂਚ ਤੋਂ ਨਿਰਾਸ਼ ਜਾਪਦੇ ਹਨ। ਇਸ ਸਵਾਲ ਤੋਂ ਟਰੰਪ ਦੁਖੀ ਨਜ਼ਰ ਆਏ ਅਤੇ ਉਨ੍ਹਾਂ ਨੇ ਇਸ ਮਾਮਲੇ 'ਚ ਰਿਪੋਰਟਰ ਤੋਂ ਸਵਾਲ ਪੁੱਛਣ ਤੋਂ ਇਨਕਾਰ ਕਰ ਦਿੱਤਾ।

ਵਾਸ਼ਿੰਗਟਨ ਪੋਸਟ ਦੀ ਰਿਕਾਰਡਿੰਗ ਦੇ ਅਨੁਸਾਰ, ਟਰੰਪ ਨੇ ਕਿਹਾ, "ਮੈਂ ਕਿਸੇ ਵੀ ਚੀਜ਼ ਤੋਂ ਨਿਰਾਸ਼ ਨਹੀਂ ਹਾਂ। ਮੈਂ ਕਿਸ ਗੱਲ ਤੋਂ ਨਿਰਾਸ਼ ਹਾਂ? ਮੈਂ ਸਿਰਫ ਦੋ ਘੰਟੇ ਲਈ ਭਾਸ਼ਣ ਦਿੱਤਾ। ਮੈਂ ਇਸ ਤੋਂ ਨਿਰਾਸ਼ ਨਹੀਂ ਹਾਂ। ਇਹ ਇੱਕ ਜਾਅਲੀ ਜਾਂਚ ਹੈ। ਕੁਝ ਵੀ ਗਲਤ ਨਾ ਕਰੋ।" ਇਸ ਮਾਮਲੇ ਵਿੱਚ ਤੁਹਾਡਾ ਚੈਨਲ ਸਭ ਤੋਂ ਬੁਰਾ ਹੈ, ਮੈਨੂੰ ਹੋਰ ਸਵਾਲ ਨਾ ਪੁੱਛੋ।"

ਟਰੰਪ ਨੇ ਬਾਅਦ ਵਿੱਚ ਕਿਹਾ, "ਮੈਂ ਸੁਣਿਆ ਹੈ ਕਿ ਤੁਸੀਂ ਮੀਡੀਆ ਹਾਊਸ ਨਾਲੋਂ ਬਿਹਤਰ ਵਿਅਕਤੀ ਹੋ, ਪਰ ਤੁਸੀਂ ਨਹੀਂ ਹੋ।"

ਕਰੀਬ ਅੱਧੇ ਘੰਟੇ ਬਾਅਦ ਹਿਲੀਆਰਡ ਨੇ ਬ੍ਰੈਗ ਦੀ ਜਾਂਚ ਬਾਰੇ ਟਰੰਪ ਤੋਂ ਇਕ ਹੋਰ ਸਵਾਲ ਪੁੱਛਣ ਦੀ ਕੋਸ਼ਿਸ਼ ਕੀਤੀ। ਵੈਨਿਟੀ ਫੇਅਰ ਮੁਤਾਬਕ ਜਿਵੇਂ ਹੀ ਹਿਲੀਆਰਡ ਨੇ ਆਪਣਾ ਸਵਾਲ ਸ਼ੁਰੂ ਕੀਤਾ। ਨਿਰਾਸ਼ ਟਰੰਪ ਨੇ ਕਥਿਤ ਤੌਰ 'ਤੇ ਰਿਪੋਰਟਰ ਦੇ ਦੋ ਫੋਨ ਉਸ ਦੇ ਸਾਹਮਣੇ ਮੇਜ਼ ਤੋਂ ਸੁੱਟ ਦਿੱਤੇ। ਰਿਕਾਰਡਿੰਗ ਵਿੱਚ, ਟਰੰਪ ਨੂੰ ਆਪਣੇ ਸਹਿਯੋਗੀਆਂ ਨੂੰ ਇੱਥੋਂ ਬਾਹਰ ਕੱਢਣ ਲਈ ਕਹਿੰਦੇ ਸੁਣਿਆ ਜਾ ਸਕਦਾ ਹੈ। ਸਾਬਕਾ ਰਾਸ਼ਟਰਪਤੀ ਨੇ ਕਿਹਾ, "ਇਸ ਨੂੰ ਇੱਥੋਂ ਕੱਢੋ। ਇੱਥੋਂ ਬਾਹਰ। ਇੱਥੋਂ ਬਾਹਰ।"ਵਾਸ਼ਿੰਗਟਨ ਪੋਸਟ ਦੀ ਰਿਪੋਰਟ ਮੁਤਾਬਕ ਇਸ ਤੋਂ ਬਾਅਦ ਪੱਤਰਕਾਰਾਂ ਨੂੰ ਟਰੰਪ ਤੋਂ ਦੂਰ ਕਰ ਦਿੱਤਾ ਗਿਆ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editor | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਕਲੀਵਵਿਊ ਸੀਨੀਅਰਜ਼ ਕਲੱਬ ਵਲੋਂ ਯੋਗਾ ਕੈਂਪ






ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਬੀਤੇ ਐਤਵਾਰ ਬਰੈਂਪਟਨ ਦੇ ਕਲੀਵਵਿਊ ਸੀਨੀਅਰਜ਼ ਕਲੱਬ ਵਲੋਂ ਪਾਰਕ ਵਿੱਚ ਐਸੋਸੀਏਸ਼ਨ ਆਫ਼ ਸੀਨੀਅਰ ਕਲੱਬਜ ਦੇ ਸਹਿਯੋਗ ਨਾਲ ਯੋਗਾ ਕੈਪ ਲਗਾਇਆ ਗਿਆ। ਜਿਸ ਵਿੱਚ ਕਲੱਬ ਦੇ ਬਹੁੱਤ ਸਾਰੇ ਮੈਂਬਰਾਂ ਨੇ ਹਿੱਸਾ ਲਿਆ। ਇਹ ਕੈਂਪ ਬਜ਼ੁਰਗਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਠੀਕ ਰੱਖਣ ਲਈ ਕਲੱਬ ਵੱਲੋਂ ਇੱਕ ਉਪਰਾਲਾ ਹੈ। ਇਸ ਕੈਂਪ ਵਿੱਚ ਮੈਂਬਰਾਂ ਨੂੰ ਯੋਗਾ ਦੇ ਵੱਖ ਵੱਖ ਆਸਣ ਸਿਖਾਉਣ ਲਈ ਯੋਗਾ ਕੋਚ ਦਵਿੰਦਰ ਸਿੰਘ ਸਿੱਧੂ ਆਏ। ਪ੍ਰੋਗਰਾਮ ਦੇ ਸ਼ੁਰੂ ਵਿੱਚ ਤਰਲੋਚਨ ਸਿੰਘ ਬਡਵਾਲ ਵੱਲੋਂ ਸਭ ਨੂੰ ਜੀ ਆਇਆਂ ਕਿਹਾ ਗਿਆ। ਐਸੋਸੀਏਸ਼ਨ ਦੇ ਸਕੱਤਰ ਪ੍ਰੀਤਮ ਸਿੰਘ ਸਰਾਂ ਨੇ ਸੰਸਥਾ ਵਲੋਂ ਸਰਕਾਰ ਦੇ ਵੱਖ ਵੱਖ ਅਦਾਰਿਆਂ ਨਾਲ ਸੰਪਰਕ ਕਰਕੇ, ਬਜ਼ੁਰਗਾਂ ਲਈ ਹਾਸਲ ਕੀਤੀਆਂ ਸਹੂਲਤਾਂ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ, ਜਿਸ ਵਿੱਚ ਉਨ੍ਹਾ ਬੱਸਾਂ ਵਿੱਚ ਮੁਫ਼ਤ ਸਫ਼ਰ ਕਰਨ ਅਤੇ ਦੰਦਾਂ ਦੀਆਂ ਬਿਮਾਰੀਆਂ ਦੇ ਦੀ ਮੁਫ਼ਤ ਇਲਾਜ ਆਦਿ ਬਾਰੇ ਦੱਸਿਆ ਦਵਿੰਦਰ ਸਿੰਘ ਨੇ ਯੋਗਾ ਕਰਨ ਦੇ ਫਾਇਦਿਆਂ ਬਾਰੇ ਆਪਣੇ ਵਿਚਾਰ ਦਿੱਤੇ ਅਤੇ ਯੋਗਾ ਦੇ ਵੱਖ ਵੱਖ ਆਸਣ ਦੱਸਦਿਆਂ, ਉਨ੍ਹਾਂ ਦੇ ਸਿਹਤ ਲਈ ਫਾਇਦੇ ਦਸਦੇ ਰਹੇ ਜਿਸ ਨੂੰ ਸਿਖਿਆਰਥੀਆਂ ਨੇ ਬਹੁੱਤ ਸਰਾਹਿਆ। ਆਖਿਰ ਵਿੱਚ ਐਸੋਸੀਏਸ਼ਨ ਦੇ ਪ੍ਰਧਾਨ ਜਗੀਰ ਸਿੰਘ ਸੈਂਬੀ ਨੇ ਵੱਡੀ ਉਮਰ ਵਿੱਚ ਸਿਹਤ ਠੀਕ ਰੱਖਣ ਬਾਰੇ ਅਪਣੇ ਵਿਚਾਰ ਰੱਖੇ। ਕਲੱਬ ਬਾਰੇ ਹੋਰ ਜਾਣਕਾਰੀ ਲਈ ਸਕੱਤਰ ਤਰਲੋਚਨ ਸਿੰਘ ਬਡਵਾਲ (647 960 9841) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਕੈਸਲਮੋਰ ਸੀਨੀਅਰ ਕਲੱਬ ਦੀ ਮੀਟਿੰਗ 21 ਨੂੰ




ਕੈਸਲਮੋਰ ਸੀਨੀਅਰ ਕਲੱਬ ਵੱਲੋਂ 21 ਮਈ ਦਿਨ ਐਤਵਾਰ ਨੂੰ ਜਨਰਲ ਬਾਡੀ ਦੀ ਮੀਟਿੰਗ ਗੋਰਮੀਡੋ ਕਮਿਊਨਿਟੀ ਸੈਂਟਰ ਵਿਖੇ 12 ਵਜੇ ਹੋਵੇਗੀ। ਇਸ ਮੀਟਿੰਗ ਵਿਚ 200 ਦੇ ਕਰੀਬ ਕਲੱਬ ਮੈਂਬਰਾਂ ਲਈ ਖਾਣ ਪੀਣ ਦਾ ਪ੍ਰਬੰਧ ਕੀਤਾ ਜਾਵੇਗਾ। ਮੀਟਿੰਗ ਵਿੱਚ ਨਵੇਂ ਮੈਂਬਰ ਵੀ ਸ਼ਾਮਿਲ ਹੋ ਸਕਦੇ ਹਨ । ਮੀਟਿੰਗ ਦੌਰਾਨ ਇਸ ਸਾਲ ਵਿਚ ਟੂਰ ਅਤੇ ਹੋਰਿ ਈਵੈਂਟ 'ਤੇ ਵਿਚਾਰ ਹੋਵੇਗਾ। ਲੋਕ ਸੰਗੀਤ ਦੇ ਚਾਹਵਾਨ ਆਪਣਾ ਨਾਮ ਸਕੱਤਰ ਨੂੰ ਦੇਣ ਤਾਂਕਿ ਸਮਾਂ ਮਿਲ ਸਕੇ। ਮੈਂਬਰਸ਼ਿਪ ਦੀ ਫੀਸ ਇਕ ਸਾਲ ਲਈ 20 ਡਾਲਰ ਹੈ। ਹੋਰ ਜਾਣਕਾਰੀ ਲਈ ਗੁਰਮੇਲ ਸਿੰਘ ਸੱਗੂ ਪ੍ਰਧਾਨ 416-648-6706, ਕਸ਼ਮੀਰਾ ਸਿੰਘ ਦਿਉਲ ਸਕੱਤਰ 416-278-1422 ਅਤੇ ਜਰਨੈਲ ਸਿੰਘ ਚਾਨਾ 416-859-2676 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration



We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# ਧੀਰੇਂਦਰ ਬ੍ਰਹਮਚਾਰੀ, ਚੰਦਰਾਸਵਾਮੀ, ਕਿਰਨ ਪਟੇਲ ਦੇ ਬਾਅਦ ਸੰਜੇ ਸ਼ੇਰਪੁਰੀਆ, ਇਹ ਹੋ ਕੀ ਰਿਹੈ !

ਜਤਿੰਦਰ ਪਨੂੰ ਦੀ ਕਲਮ ਤੋਂ



ਭਾਰਤ ਦੇ ਲੋਕ ਖੁਸ਼ੀ ਬੜਾ ਛੇਤੀ ਹੁੰਦੇ ਹਨ ਅਤੇ ਦਾਅਵਾ ਜਾਂ ਵਾਅਦਾ ਭਾਵੇਂ ਨਿਰਾ ਝੂਠਾ ਹੋਵੇ, ਇਸ ਨਾਲ ਇੰਨੀ ਛੇਤੀ ਪ੍ਰਭਾਵਤ ਹੁੰਦੇ ਹਨ ਕਿ ਜਿਹੜਾ ਕੋਈ ਇਸ ਨੁਸਖੇ ਦਾ ਅਸਰ ਸਮਝ ਜਾਵੇ, ਉਸ ਦਾ ਰਾਜ ਜਾਂ ਹੈਸੀਅਤ ਵੱਡੀ ਹੋਵੇ ਤਾਂ ਪੂਰੇ ਭਾਰਤ ਦੇ ਲੋਕਾਂ ਨੂੰ ਮਰਜ਼ੀ ਮੁਤਾਬਕ ਤੋਰ ਸਕਦਾ ਹੈ। ਇਹੋ ਕਾਰਨ ਹੈ ਕਿ ਜਦੋਂ ਇੰਦਰਾ ਗਾਂਧੀ ਨੇ ਭਾਰਤ ਦੇ ਲੋਕਾਂ ਨੂੰ ਕਿਹਾ ਸੀ ਕਿ ਦੇਸ਼ ਵਿੱਚੋਂ ਗਰੀਬੀ ਖਤਮ ਕਰ ਦੇਣੀ ਹੈ ਤਾਂ ਲੋਕ ਔਂਸੀਆਂ ਪਾ ਕੇ ਉਸ ਦਿਨ ਨੂੰ ਉਡੀਕਣ ਲੱਗੇ ਸਨ, ਜਦੋਂ ਇਹ ਕਰਾਮਾਤ ਹੁੰਦੀ ਆਪਣੀਆਂ ਅੱਖਾਂ ਨਾਲ ਵੇਖਣੀ ਸੀ। ਉਹ ਘੜੀ ਕਦੀ ਨਹੀਂ ਸੀ ਆਈ। ਭਾਰਤ ਦੇ ਲੋਕਾਂ ਲਈ ਤਾਂ ਇਸ ਨਾਅਰੇ ਨੇ ਠੱਗੀ ਤੋਂ ਬਿਨਾਂ ਕਦੇ ਕੁਝ ਦਿੱਤਾ ਨਹੀਂ, ਪਰ ਜਿਨ੍ਹਾਂ ਲੀਡਰਾਂ ਨੂੰ ਇਹ ਸਮਝ ਆਗਿਆ, ਉਨ੍ਹਾਂ ਨੇ ਇਹੋ ਨੁਸਖੇ ਵਰਤ ਕੇ ਆਪਣੀ ਤਕਦੀਰ ਬਦਲ ਲਈ ਸੀ। ਲੋਕ ਏਨੇ ਸਿੱਧੜ ਨਿਕਲੇ ਕਿ ਜਦੋਂ ਇੱਕ ਲੀਡਰ ਨੇ ਇਹ ਆਖਿਆ ਕਿ ਹਰ ਨਾਗਰਿਕ ਦੇ ਖਾਤੇ ਵਿੱਚ ਤਿੰਨ ਲੱਖ ਤੇ ਪੰਜ ਜੀਆਂ ਦੇ ਪਰਵਾਰ ਦੇ ਖਾਤੇ ਵਿੱਚ ਪੰਦਰਾਂ ਲੱਖ ਰੁਪਏ ਪਾ ਦਿਆਂਗਾ, ਉਸ ਦੇ ਰਾਜਸੀ ਵਾਅਦੇ ਪਿੱਛੇ ਵੀ ਭੁਗਤ ਗਏ ਸਨ। ਬਾਅਦ ਵਿੱਚ ਉਸ ਲੀਡਰ ਨੇ ਸਾਫ ਹੀ ਕਹਿ ਦਿੱਤਾ ਕਿ ਉਹ ਵਾਅਦਾ ਨਹੀਂ ਸੀ, ਸਿਰਫ ਚੋਣ-ਜੁਮਲਾ ਸੀ, ਵਿਚਾਰੇ ਲੋਕ ਨਾਰਾਜ਼ ਹੋਣ ਦੀ ਥਾਂ ਇਸ ਨੂੰ 'ਅਪਰੈਲ ਫੂਲ' ਦੀ ਇੱਕ ਭਾਰਤੀ ਵੰਨਗੀ ਮੰਨ ਕੇ ਇਸ ਭੁਚਲਾਵੇ ਪਿੱਛੇ ਵੀ ਤਾੜੀਆਂ ਮਾਰਦੇ ਰਹੇ ਸਨ। ਜਿਹੜੇ ਦੇਸ਼ ਵਿੱਚ ਸਮੁੱਚੇ ਤੌਰ ਉੱਤੇ ਲੋਕ ਏਨੇ ਸਿੱਧੇ ਹੋਣ, ਉਸ ਵਿੱਚ ਸਿਆਸਤ ਤੋਂ ਬਾਹਰਲੇ ਛੱਤੀ ਕਿਸਮ ਦੇ ਠੱਗ ਵੀ ਏਦਾਂ ਦੇ ਦਾਅ ਲਾ ਜਾਂਦੇ ਹਨ।

ਅੱਜਕੱਲ੍ਹ ਭਾਰਤ ਵਿੱਚ ਅਚਾਨਕ ਤੇਜ਼ੀ ਨਾਲ ਉੱਭਰੇ ਅਤੇ ਦੇਸ਼ ਦੀ ਸਿਆਸਤ ਦੀ ਸਿਖਰ ਤੱਕ ਪਹੁੰਚ ਗਏ ਇੱਕ ਠੱਗ ਸੰਜੇ ਸ਼ੇਰਪੁਰੀਆ ਦੀ ਚਰਚਾ ਹੁੰਦੀ ਪਈ ਹੈ। ਵੱਡੇ ਘਪਲਿਆਂ ਵਿੱਚੋਂ ਛੁਟਕਾਰਾ ਭਾਲਦੇ ਲੋਕਾਂ ਕੋਲੋਂ ਕਰੋੜਾਂ ਦੀਆਂ ਰਕਮਾਂ ਮੰਗਣ ਦੇ ਦੋਸ਼ ਉਸ ਦੇ ਖਿਲਾਫ ਲੱਗਦੇ ਹਨ ਤੇ ਜਦੋਂ ਉਸ ਦੇ ਖਿਲਾਫ ਏਦਾਂ ਦੀ ਚਰਚਾ ਚੱਲ ਪਈ ਤਾਂ ਉਸ ਦੀ ਉਠਾਣ ਅਤੇ ਸਿਖਰਾਂ ਤੱਕ ਪਹੁੰਚ ਦੇ ਕਿੱਸੇ ਵੀ ਹੈਰਾਨ ਕਰਨ ਵਾਲੇ ਨਿਕਲੇ ਹਨ। ਹੇਠਲੇ ਪੱਧਰ ਤੋਂ ਸ਼ੁਰੂ ਕਰ ਕੇ ਭਾਰਤ ਦੇ ਪ੍ਰਧਾਨ ਮੰਤਰੀ ਤੱਕ ਨਾਲ ਉਸ ਦੀਆਂ ਤਸਵੀਰਾਂ ਏਦਾਂ ਦੀਆਂ ਨਿਕਲੀਆਂ, ਸਿਰਫ ਤਸਵੀਰਾਂ ਦੀ ਕੀ ਗੱਲ, ਵੀਡੀਓ ਵੀ ਬਹੁਤ ਸਾਰੀਆਂ ਸਾਹਮਣੇ ਆਈਆਂ ਹਨ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਉਸ ਦੀ ਕਿੰਨੀ ਉੱਚੀ ਪਹੁੰਚ ਸੀ।ਭਾਰਤੀ ਲੋਕ ਏਦਾਂ ਦੀ ਪਹੁੰਚ ਦੇ ਵਿਖਾਵੇ ਨਾਲ ਛੇਤੀ ਝਾਂਸੇ ਵਿੱਚ ਆ ਜਾਂਦੇ ਹਨ, ਫਿਰ ਉਨ੍ਹਾਂ ਨੂੰ ਕੋਈ ਵੀ ਠੱਗ ਸਕਦਾ ਹੈ। ਹਾਲੇ ਕੁਝ ਹਫਤੇ ਪਹਿਲਾਂ ਜੰਮੂ-ਕਸ਼ਮੀਰ ਵਿੱਚ ਗੁਜਰਾਤੀ ਮੂਲ ਦਾ ਇੱਕ ਠੱਗ ਕਿਰਨ ਪਟੇਲ ਅਚਾਨਕ ਫੜਿਆ ਗਿਆ ਤੇ ਉਸ ਦੇ ਬਾਰੇ ਆਈ ਖਬਰ ਸਾਰੇ ਦੇਸ਼ ਦੇ ਲੋਕਾਂ ਨੂੰ ਹੈਰਾਨ ਕਰਨ ਵਾਲੀ ਸੀ। ਪਤਾ ਲੱਗਾ ਕਿ ਉਹ ਪਿਛਲੇ ਸਾਲ ਤੋਂ ਦੇਸ਼ ਦੇ ਇਸ ਨਾਜ਼ਕ ਰਾਜ ਵਿੱਚ ਜਾਂਦਾ ਤੇ ਪ੍ਰਧਾਨ ਮੰਤਰੀ ਦਫਤਰ ਤੋਂ ਆਏ ਵਿਸ਼ੇਸ਼ ਦੂਤ ਵਜੋਂ ਅਫਸਰਾਂ ਨਾਲ ਬੈਠਕਾਂ ਕਰਦਾ ਰਿਹਾ ਸੀ ਅਤੇ ਰਾਜ ਸਰਕਾਰ ਤੋਂ ਮਿਲੀ ਵਿਸ਼ੇਸ਼ ਕਮਾਂਡੋਜ਼ ਵਾਲੀ ਸਕਿਓਰਟੀ ਅਤੇ ਸਟਾਫ ਨਾਲ ਸਰਹੱਦੀ ਖੇਤਰ ਦੇ ਦੌਰੇ ਵੀ ਕਰੀ ਜਾਂਦਾ ਸੀ। ਉਹ ਆਪਣੇ ਪਰਵਾਰਕ ਜੀਆਂ ਨੂੰ ਗੁਜਰਾਤ ਤੋਂ ਲਿਆ ਕੇ ਜੰਮੂ-ਕਸ਼ਮੀਰ ਦੀ ਸੈਰ ਵੀ ਕਰਵਾ ਚੁੱਕਾ ਸੀ ਅਤੇ ਜਦੋਂ ਫੜਿਆ ਗਿਆ, ਓਦੋਂ ਵੀ ਉਸ ਦੇ ਨਾਲ ਗੁਜਰਾਤੀ ਦੋਸਤਾਂ ਦਾ ਇੱਕ ਗਰੁੱਪ ਵੀ ਆਈ ਪੀ ਸਹੂਲਤ ਵਾਲੇ ਸੈਰ-ਸਪਾਟੇ ਮਾਣਨ ਲਈ ਏਥੇ ਪਹੁੰਚਣ ਵਾਲਾ ਸੀ। ਅਚਾਨਕ ਇੱਕ ਅਫਸਰ ਨੂੰ ਕੁਝ ਸ਼ੱਕ ਪੈ ਗਿਆ ਤੇ ਦਿੱਲੀ ਤੋਂ ਉਸ ਨੇ ਪੁੱਛਗਿੱਛ ਕਰ ਲਈ। ਫਿਰ ਇਹ ਪਤਾ ਲੱਗਾ ਕਿ ਕਿਰਨ ਪਟੇਲ ਨਾਂਅ ਦਾ ਕੋਈ ਅਫਸਰ ਪ੍ਰਧਾਨ ਮੰਤਰੀ ਦਫਤਰ ਵਿੱਚ ਹੈ ਹੀ ਨਹੀਂ। ਕਿਸੇ ਨੂੰ ਪਤਾ ਹੀ ਨਹੀਂ ਲੱਗਾ ਕਿ ਉਹ ਸਾਰੀ ਸਰਕਾਰੀ ਮਸ਼ੀਨਰੀ ਨੂੰ ਬੁੱਧੂ ਕਿਵੇਂ ਬਣਾਉਂਦਾ ਰਿਹਾ!

ਇੱਕ ਪੁਰਾਣਾ ਕਿੱਸਾ ਵੀ ਸਾਨੂੰ ਯਾਦ ਹੈ, ਜਦੋਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਸਮੇਂ ਮਨਮੋਹਨ ਸਿੰਘ ਦੇ ਨਾਂਅ ਵਾਲਾ ਇੱਕ ਬੰਦਾ ਪ੍ਰਧਾਨ ਮੰਤਰੀ ਦਫਤਰ ਦਾ ਖਾਸ ਦੂਤ ਬਣ ਗਿਆ ਸੀ ਅਤੇ ਪੰਜਾਬ ਅਤੇ ਚੰਡੀਗੜ੍ਹ ਦੇ ਸਾਰੇ ਪ੍ਰਸ਼ਾਸਨ ਨੂੰ ਕਈ ਦਿਨ ਉਂਗਲਾਂ ਉੱਤੇ ਨਚਾਉਂਦਾ ਰਿਹਾ ਸੀ। ਫਿਰ ਉਹ ਆਪਣੇ ਪਰਵਾਰ ਸਮੇਤ ਜੰਮੂ-ਕਸ਼ਮੀਰ ਵੱਲ ਤੀਰਥ-ਯਾਤਰਾ ਲਈ ਜਾਣ ਦੀ ਤਿਆਰੀ ਕਰ ਰਿਹਾ ਸੀ ਤਾਂ ਉਸ ਠੱਗ ਦਾ ਪਰਦਾ ਚਾਕ ਹੋ ਕੇ ਫੜਿਆ ਗਿਆ ਸੀ।

ਬੀਤੇ ਮਹੀਨਿਆਂ ਵਿੱਚ ਜੰਮੂ-ਕਸ਼ਮੀਰ ਵਿੱਚ 'ਪ੍ਰਧਾਨ ਮੰਤਰੀ ਦਫਤਰ ਦਾ ਵਿਸ਼ੇਸ਼ ਅਫਸਰ' ਬਣ ਕੇ ਘੁੰਮਣ ਤੇ ਸਾਰੇ ਪ੍ਰਸ਼ਾਸਨ ਨੂੰ ਘੁਮਾਣੀ ਦੇਣ ਪਿੱਛੋਂ ਫੜੇ ਗਏ ਕਿਰਨ ਪਟੇਲ ਅਤੇ ਪਿਛਲੇ ਹਫਤੇ ਚਰਚਿਆਂ ਵਿੱਚ ਆਉਣ ਵਾਲੇ ਸੰਜੇ ਸ਼ੇਰਪੁਰੀਆ ਵਿੱਚ ਇੱਕ ਗੱਲ ਸਾਂਝੀ ਹੈ। ਦੋਵਾਂ ਜਣਿਆਂ ਕੋਲ ਪ੍ਰਧਾਨ ਮੰਤਰੀ ਤੱਕ ਨਾਲ ਖਿਚਵਾਈਆਂ ਫੋਟੋ ਅਤੇ ਵੀਡੀਉ ਸਨ, ਜਿਨ੍ਹਾਂ ਤੋਂ ਹਰ ਕੋਈ ਪ੍ਰਭਾਵਤ ਹੋ ਸਕਦਾ ਸੀ, ਪਰ ਭਾਰਤ ਵਿੱਚ ਤਾਂ ਇਸ ਤੋਂ ਬਿਨਾਂ ਵੀ ਬਹੁਤ ਕੁਝ ਹੋ ਜਾਂਦਾ ਰਿਹਾ ਸੀ ਤੇ ਉਸ ਦੀਆਂ ਧੁੰਮਾਂ ਅੱਜ ਤੱਕ ਪੈ ਰਹੀਆਂ ਹਨ। ਇਸ ਤੋਂ ਪਹਿਲਾਂ ਸਾਧਾਂ ਤੇ ਯੋਗੀਆਂ ਦੇ ਭੇਸ ਵਿੱਚ ਵੀ ਭਾਰਤ ਵਿੱਚ ਕਈ ਕੁਝ ਹੁੰਦਾ ਰਿਹਾ ਸੀ। ਇਸ ਦੀ ਸ਼ੁਰੂਆਤ ਕਦੋਂ ਹੋਈ, ਸ਼ਾਇਦ ਕੋਈ ਨਹੀਂ ਜਾਣਦਾ ਹੋਵੇਗਾ, ਪਰ ਜਿਹੜਾ ਮਾਮਲਾ ਸਭ ਤੋਂ ਪਹਿਲਾਂ ਚਰਚਾ ਵਿੱਚ ਆਇਆ, ਉਹ ਇੰਦਰਾ ਗਾਂਧੀ ਦੇ ਪ੍ਰਧਾਨ ਮੰਤਰੀ ਹੋਣ ਦੌਰਾਨ ਧੀਰੇਂਦਰ ਬ੍ਰਹਮਚਾਰੀ ਦੀ ਚੜ੍ਹਤ ਅਤੇ ਉਸ ਦੇ ਇਸ਼ਾਰਿਆਂ ਉੱਤੇ ਸਰਕਾਰੀ ਤੰਤਰ ਦੇ ਘੁੰਮਣ ਦਾ ਕਿਹਾ ਜਾਂਦਾ ਹੈ। ਐਮਰਜੈਂਸੀ ਦੇ ਦੌਰ ਵਿੱਚ ਜਦੋਂ ਸੰਜੇ ਗਾਂਧੀ ਅਤੇ ਉਸ ਦੀ ਜੁੰਡੀ ਦੇ ਲੋਕ ਭਾਰਤ ਵਿੱਚ ਉੱਧੜਧੁੰਮੀ ਮਚਾਈ ਜਾਂਦੇ ਸਨ, ਓਦੋਂ ਹਰ ਪਾਸੇ ਇਹ ਚਰਚਾ ਵੀ ਹੁੰਦੀ ਸੀ ਕਿ ਯੋਗ ਵਿੱਚ ਵਿਸ਼ਵਾਸ ਰੱਖਣ ਵਾਲੀ ਇੰਦਰਾ ਗਾਂਧੀ ਕਿਸੇ ਵੀ ਗੱਲ ਵਿੱਚ ਧੀਰੇਂਦਰ ਬ੍ਰਹਮਚਾਰੀ ਕੋਲੋਂ ਪੁੱਛੇ ਬਿਨਾਂ ਕੁਝ ਨਹੀਂ ਕਰਦੀ। ਸਮਾਂ ਬਦਲਿਆ, ਐਮਰਜੈਂਸੀ ਦੇ ਬਾਅਦ ਧੀਰੇਂਦਰ ਬ੍ਰਹਮਚਾਰੀ ਦੇ ਖਿਲਾਫ ਕਈ ਗੱਲਾਂ ਬਾਰੇ ਰੌਲਾ ਪੈ ਗਿਆ, ਅਤੇ ਰਾਜਨੀਤੀ ਦੇ ਦ੍ਰਿਸ਼ ਤੋਂ ਉਹ ਪਿੱਛੇ ਹਟਣ ਲੱਗ ਪਿਆ। ਮੋਰਾਰਜੀ ਡਿਸਾਈ ਦੀ ਸਰਕਾਰ ਵੇਲੇ ਉਸ ਦੇ ਖਿਲਾਫ ਕੁਝ ਕੇਸਾਂ ਦੀ ਜਾਂਚ ਵੀ ਸ਼ੁਰੂ ਹੋਈ, ਪਰ ਜਦੋਂ ਸਰਕਾਰ ਬਦਲ ਗਈ ਤੇ ਫਿਰ ਇੰਦਰਾ ਗਾਂਧੀ ਦੀ ਸਰਕਾਰ ਆ ਗਈ ਤਾਂ ਧੀਰੇਂਦਰ ਬ੍ਰਹਮਚਾਰੀ ਦੇ ਸਾਰੇ ਕੇਸ ਅਤੇ ਕਿੱਸੇ ਵੀ ਠੱਪ ਹੋਣ ਲੱਗ ਪਏ ਸਨ।

ਫਿਰ ਅਸੀਂ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੇ ਰਾਜ ਵਿੱਚ ਚੰਦਰਾ ਸਵਾਮੀ ਨਾਂਅ ਦਾ ਇੱਕ ਹੋਰ ਠੱਗ ਯੋਗੀ ਏਸੇ ਤਰ੍ਹਾਂ ਭਾਰਤ ਦੀ ਸੱਤਾ ਦੇ ਸਿਖਰ ਤੱਕ ਪਹੁੰਚਦਾ ਡਿੱਠਾ ਸੀ। ਇੱਕ ਐੱਨ ਆਰ ਆਈ ਲੱਖੂ ਭਾਈ ਨਾਲ ਲੱਖਾਂ ਡਾਲਰਾਂ ਦੀ ਠੱਗੀ ਦੇ ਕੇਸ ਵਿੱਚ ਜਦੋਂ ਉਹ ਫਸਿਆ ਤਾਂ ਉਸ ਦੇ ਖਿਲਾਫ ਚੱਲ ਰਹੀ ਕਾਰਵਾਈ ਫਿਰ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਨੂੰ ਫਸਾਉਣ ਤੱਕ ਪਹੁੰਚ ਗਈ ਸੀ। ਚੰਦਰਾ ਸਵਾਮੀ ਬਾਰੇ ਵੀ ਕਿਹਾ ਜਾਂਦਾ ਸੀ ਕਿ ਉਹ ਨਰਸਿਮਹਾ ਰਾਓ ਦੇ ਰਾਜ ਵਿੱਚ ਏਨੀ ਵੱਡੀ ਸ਼ਕਤੀ ਗਿਣਿਆ ਜਾਂਦਾ ਸੀ ਕਿ ਉਸ ਦੀ ਮਰਜ਼ੀ ਬਿਨਾਂ ਕੋਈ ਫੈਸਲਾ ਨਹੀਂ ਸੀ ਹੁੰਦਾ। ਜਦੋਂ ਉਹ ਫਸ ਗਿਆ ਤਾਂ ਅਦਾਲਤੀ ਕਾਰਵਾਈ ਵਿੱਚ ਇਹ ਭੇਦ ਖੁੱਲ੍ਹ ਗਿਆ ਕਿ ਸਾਧ ਬਣਿਆ ਹੀ ਇਸ ਕਰ ਕੇ ਸੀ ਕਿ ਉਹ ਕਈ ਕੇਸਾਂ ਵਿੱਚ ਫਸ ਗਿਆ ਸੀ ਤੇ ਉਨ੍ਹਾਂ ਤੋਂ ਛੁਟਕਾਰਾ ਚਾਹੁੰਦਾ ਸੀ। ਉਸ ਨੂੰ ਅਦਾਲਤ ਵਿੱਚ ਜਦੋਂ ਪੁੱਛਿਆ ਗਿਆ ਕਿ ਯੋਗੀ ਬਣਨ ਤੋਂ ਪਹਿਲਾਂ ਕੀ ਕਰਦਾ ਸੀ ਤਾਂ ਉਸ ਨੇ ਕਿਹਾ ਕਿ ਜਦੋਂ ਅਸੀਂ ਲੋਕ ਸਾਧੂ ਬਣਦੇ ਹਾਂ ਤਾਂ ਪਿਛਲਾ ਸਾਰਾ ਜੀਵਨ ਵੀ ਭੁੱਲ ਜਾਂਦੇ ਹਾਂ। ਵਕੀਲ ਨੇ ਕਿਹਾ ਕਿ ਤੈਨੂੰ ਭਾਵੇਂ ਭੁੱਲ ਗਿਆ ਹੋਵੇ, ਕਾਨੂੰਨ ਦੀਆਂ ਫਾਈਲਾਂ ਦੱਸੀ ਜਾਂਦੀਆਂ ਹਨ ਕਿ ਤੇਰੇ ਕੀਤੇ ਹੋਏ ਕੁਝ ਜੁਰਮਾਂ ਦੇ ਕੇਸ ਅਦਾਲਤਾਂ ਵਿੱਚ ਇਸ ਲਈ ਰੁਕ ਗਏ ਸਨ ਕਿ ਤੂੰ ਲੱਭਾ ਨਹੀਂ ਸੀ। ਚੰਦਰਾ ਸਵਾਮੀ ਦੇ ਚਿਹਰੇ ਦਾ ਰੰਗ ਉੱਡ ਗਿਆ ਅਤੇ ਫਿਰ ਉਸ ਦੇ ਜੀਵਨ ਦੀਆਂ ਪਰਤਾਂ ਗੰਢੇ ਦੀਆਂ ਛਿੱਲਾਂ ਵਾਂਗ ਲੱਥ ਗਈਆਂ ਸਨ, ਪਰ ਸਾਧਗਿਰੀ ਦੇ ਚੋਲੇ ਓਹਲੇ ਕੀਤੇ ਪਾਪਾਂ ਤੋਂ ਬਚਣ ਵਾਸਤੇ ਰਾਹ ਉਸ ਨੇ ਫੇਰ ਵੀ ਪਤਾ ਨਹੀਂ ਕਿੱਦਾਂ ਲੱਭ ਲਏ ਸਨ। ਇਹ ਰਾਹ ਇਸ ਲਈ ਨਿਕਲ ਆਏਕਿ ਉਸ ਦੇ ਪਿੱਛੇ ਸਿਰਫ ਨਰਸਿਮਹਾ ਰਾਓ ਨਹੀਂ, ਕਈ ਹੋਰ ਵੱਡੇ ਲੋਕ ਦਿੱਸਦੇ ਸਨ। ਦੋ ਸਾਬਕਾ ਪ੍ਰਧਾਨ ਮੰਤਰੀਆਂ ਵੀ ਪੀ ਸਿੰਘ ਅਤੇ ਚੰਦਰ ਸ਼ੇਖਰ ਨਾਲ ਵੀ ਉਸ ਦੀ ਚੋਖੀ ਨੇੜਤਾ ਹੁੰਦੀ ਸੀ ਤੇ ਇਸ ਨੇੜਤਾ ਦਾ ਲਾਭ ਲੈ ਕੇ ਉਸ ਨੇ ਲੱਖੂ ਭਾਈ ਵਰਗੇ ਸੰਸਾਰ ਦੇ ਕਈ ਪ੍ਰਮੁੱਖ ਕਾਰੋਬਾਰੀਆਂ ਨੂੰ ਠੱਗਿਆ ਹੋਇਆ ਸੀ ਅਤੇ ਤਾਕਤਵਰ ਏਨਾ ਸੀ ਕਿ ਰਾਜੀਵ ਗਾਂਧੀ ਕਤਲ ਕੇਸ ਵਿੱਚ ਨਾਂਅ ਹੋਣ ਕਾਰਨ ਵਿਦੇਸ਼ ਜਾਣ ਉੱਤੇ ਲੱਗੀਆਂ ਪਾਬੰਦੀਆਂ ਵੀ ਹਟਵਾਉਣ ਵਿੱਚ ਕਾਮਯਾਬ ਹੋ ਗਿਆ ਸੀ। ਕਾਰਨ ਇਸ ਦਾ ਇਹ ਸੀ ਕਿ ਜੇ ਉਹ ਫਸਦਾ ਤਾਂ ਕਈ ਹੋਰ ਲੋਕ ਫਸ ਜਾਣੇ ਸਨ, ਇਸ ਲਈ ਭਾਰਤ ਦੇ ਸਮੁੱਚੇ ਤੰਤਰ ਨੇ ਉਸ ਦੇ ਨਿਕਲਣ ਲਈ ਆਸਾਨੀ ਨਾਲ ਰਾਹਾਂ ਦੀ ਲੜੀ ਬੱਝਦੀ ਜਾਣ ਦਿੱਤੀ ਸੀ।

ਇਸ ਹਫਤੇ ਅਸੀਂ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਵੀ ਆਈ ਪੀ ਇਲਾਕੇ ਦੀ ਸੜਕ 'ਰੇਸ ਕੋਰਸ ਰੋਡ', ਜਿਸ ਉੱਤੇ ਭਾਰਤ ਦੇ ਪ੍ਰਧਾਨ ਮੰਤਰੀ ਦੀ ਰਿਹਾਇਸ਼ ਹੈ, ਦੇ ਇੱਕ ਆਲੀਸ਼ਾਨ ਬੰਗਲੇ ਵਿੱਚ ਰਹਿ ਕੇ ਠੱਗੀਆਂ ਦਾ ਧੰਦਾ ਕਰਦੇ ਸੰਜੇ ਸ਼ੇਰਪੁਰੀਆ ਦੀ ਚਰਚਾ ਸੁਣੀ ਹੈ। ਪਿਛਲੇ ਹਫਤਿਆਂ ਵਿੱਚ ਗੁਜਰਾਤ ਤੋਂ ਆਏ ਕਿਰਨ ਪਟੇਲ ਦੇ ਜੰਮੂ-ਕਸ਼ਮੀਰ ਵਿੱਚ 'ਪ੍ਰਧਾਨ ਮੰਤਰੀ ਦਫਤਰ ਦਾ ਅਧਿਕਾਰੀ' ਬਣ ਕੇ ਸਾਰੇ ਪ੍ਰਸ਼ਾਸਨ ਨੂੰ ਉਂਗਲਾਂ ਉੱਤੇ ਨਚਾਉਣ ਦੇ ਮਾਮਲੇ ਨੂੰ ਸੁਣ ਕੇ ਹੈਰਾਨ ਹੋਏ ਸਾਂ। ਓਦੋਂ ਪਹਿਲਾਂ ਕਦੀ ਚੰਦਰਾ ਸਵਾਮੀ ਅਤੇ ਕਦੀ ਧੀਰੇਂਦਰ ਬ੍ਰਹਮਚਾਰੀ ਵਰਗੇ ਯੋਗੀ ਬਣੇ ਹੋਏ ਸੱਤਾ ਦੀ ਘੁੰਮਣਘੇਰੀ ਦੇ ਕੇਂਦਰ ਬਿੰਦੂਆਂ ਦੀ ਚਰਚਾ ਸੁਣਦੇ ਰਹੇ ਸਾਂ। ਨਾ ਉਹ ਪਹਿਲੇ ਠੱਗ ਸਨ, ਸਗੋਂ ਉਨ੍ਹਾਂ ਤੋਂ ਪਹਿਲੇ ਵੀ ਕਈ ਹੋਰ ਇਹੋ ਜਿਹੇ ਧਨੰਤਰ ਹੋ ਚੁੱਕੇ ਹੋਣਗੇ, ਨਾ ਕਿਰਨ ਪਟੇਲ ਅਤੇ ਸੰਜੇ ਸ਼ੇਰਪੁਰੀਆ ਆਖਰੀ ਹਨ, ਭਵਿੱਖ ਦੀ ਕੁੱਖ ਵਿੱਚ ਇਹੋ ਜਿਹੇ ਹੋਰ ਕਿੰਨੇ ਧਨੰਤਰ ਪਲਦੇ ਪਏ ਹਨ, ਸਾਡੇ ਵਿੱਚੋਂ ਕੋਈ ਨਹੀਂ ਜਾਣਦਾ। ਹੈਰਾਨੀ ਦੀ ਗੱਲ ਹੈ ਕਿ ਭਾਰਤ ਦੀਜਿਹੜੀ ਸਰਕਾਰ ਦੇਸ਼ ਦੇ ਕੋਨੇ-ਕੋਨੇ ਵਿੱਚ ਹੁੰਦੀ ਹਰ ਗੱਲ ਨੂੰ ਜਾਣਨ ਦਾ ਦਾਅਵਾ ਕਰਦੀ ਹੈ, ਉਹ ਆਪਣੇ ਪ੍ਰਛਾਵੇਂ ਹੇਠ ਬੈਠੇ ਹੋਏ ਇਹੋ ਜਿਹੇ ਲੋਕਾਂ ਬਾਰੇ ਕਦੀ ਵੀ ਵੇਲੇ ਸਿਰ ਨਹੀਂ ਜਾਣ ਸਕੀ। ਹੈ ਨਾ ਕਮਾਲ ਦੀ ਗੱਲ!

ਫਿਰ ਵਿਗੜੀ ਹੋਈ ਤਾਣੀ ਸੁਧਾਰਨ ਲਈ ਕੀਤਾ ਕੀ ਜਾਵੇ? ਇਸ ਦਾ ਇੱਕ ਤੋੜ ਕਿਸੇ ਵੇਲੇ ਅੰਨਾ ਹਜ਼ਾਰੇ ਵਾਲੀ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਨੇ ਪੇਸ਼ ਕੀਤਾ ਸੀ ਕਿ ਕੇਂਦਰੀ ਪੱਧਰ ਤੋਂ ਲੈ ਕੇ ਹਰ ਰਾਜ ਵਿੱਚ ਇੱਕ ਲੋਕਪਾਲ ਦਾ ਅਹੁਦਾ ਕਾਇਮ ਕੀਤਾ ਜਾਵੇ, ਜਿਹੜਾ ਹਰ ਮਾੜੇ ਕੰਮ ਉੱਤੇ ਅੱਖ ਰੱਖਿਆ ਕਰੇ। ਅੰਨਾ ਹਜ਼ਾਰੇ ਦਾ ਮਹਾਰਾਸ਼ਟਰ ਵਿੱਚ ਰਿਕਾਰਡ ਸੀ ਕਿ ਉਸ ਨੇ ਭ੍ਰਿਸ਼ਟਾਚਾਰ ਵਿਰੁੱਧ ਮੁੜ-ਮੁੜ ਮਰਨ-ਵਰਤ ਰੱਖ ਕੇ ਕਈ ਮੰਤਰੀਆਂ ਦੇ ਅਸਤੀਫਾ ਦਿਵਾਏ ਹੋਏ ਸਨ ਤੇ ਉਸ ਨੇ ਦਿੱਲੀ ਵਿੱਚ ਵੀ ਆਪਣੇ ਅੰਦੋਲਨ ਦੌਰਾਨ ਏਦਾਂ ਦਾ ਮਰਨ-ਵਰਤ ਰੱਖ ਲਿਆ ਸੀ। ਇਸ ਦੇ ਪ੍ਰਭਾਵ ਹੇਠ ਜਦੋਂ ਅੱਧੀ ਰਾਤ ਤੱਕ ਪਾਰਲੀਮੈਂਟ ਬੈਠੀ ਅਤੇ ਇੱਕ ਮਤਾ ਪਾਸ ਕਰ ਕੇ ਉਸ ਦੀਆਂ ਮੰਗਾਂ ਮੰਨ ਲੈਣ ਦਾ ਐਲਾਨ ਕਰਨ ਲਈ ਇੱਕ ਕੇਂਦਰੀ ਮੰਤਰੀ ਨੂੰ ਉਸ ਦੀ ਸਟੇਜ ਉੱਤੇ ਭੇਜਿਆ ਗਿਆ ਤਾਂ ਲੋਕਾਂ ਨੂੰ ਮਸਲਾ ਹੱਲ ਹੋ ਗਿਆ ਜਾਪਿਆ ਸੀ। ਪਿੱਛੋਂ ਇਸ ਦਾ ਵੀ ਕੋਈ ਖਾਸ ਸਿੱਟਾ ਨਹੀਂ ਨਿਕਲਿਆ, ਕਿਉਂਕਿ ਬਹੁਤੀਆਂ ਰਾਜ ਸਰਕਾਰਾਂ ਨੇ ਲੋਕਪਾਲ ਜਾਂ ਲੋਕਾਯੁਕਤ ਦੇ ਅਹੁਦੇ ਬਣਾ ਲਏ, ਪਰ ਉਨ੍ਹਾਂ ਉੱਤੇ ਕਿਸੇ ਜੱਜ ਦੀ ਨਿਯੁਕਤੀ ਕਦੇ ਨਹੀਂ ਸੀ ਕੀਤੀ ਤੇ ਜਿਹੜੀਆਂ ਰਾਜ ਸਰਕਾਰਾਂ ਇਹ ਨਿਯੁਕਤੀ ਕਰਨ ਤੱਕ ਗਈਆਂ, ਅਗਲੀ ਕਾਰਵਾਈ ਉਨ੍ਹਾਂ ਨੇ ਵੀ ਲੋਕਪਾਲ ਨੂੰ ਨਹੀਂ ਸੀ ਕਰਨ ਦਿੱਤੀ।

ਭਾਰਤ ਦੇ ਲੋਕਾਂ ਨੇ ਇਸ ਦਾ ਹੱਲ ਕੱਢਣਾ ਹੈ ਤਾਂ ਇਸ ਦੇ ਲਈ ਸਿਰਫ ਇੱਕ ਮਿਸਾਲ ਮਿਲ ਸਕਦੀ ਹੈ ਅਤੇ ਉਹ ਹੈ ਹਾਂਗ ਕਾਂਗ ਦਾ 'ਇੰਡੀਪੈਂਡੈਂਟ ਕਮਿਸ਼ਨ ਅਗੇਂਸਟ ਕੁਰੱਪਸ਼ਨ'। ਅੱਜ ਤੋਂ ਪੰਜਾਹ ਸਾਲ ਪਹਿਲਾਂ ਤੱਕ ਉਸ ਦੇਸ਼ ਵਿੱਚ ਭ੍ਰਿਸ਼ਟਾਚਾਰ ਏਨਾ ਜ਼ਿਆਦਾ ਸੀ ਕਿ ਉਸ ਨੂੰ ਦੁਨੀਆ ਭਰ ਦੇ ਸਭ ਤੋਂ ਵਿਗੜੇ ਦੇਸ਼ਾਂ ਵਿੱਚ ਗਿਣਿਆ ਜਾਂਦਾ ਸੀ, ਪਰ ਜਦੋਂ ਲੋਕ ਉੱਠ ਪਏ ਤਾਂ ਉਹੀ ਹਾਂਗ ਕਾਂਗ ਸਭ ਤੋਂ ਘੱਟ ਭ੍ਰਿਸ਼ਟਾਚਾਰ ਵਾਲੇ ਅੱਠ ਦੇਸ਼ਾਂ ਵਿੱਚ ਗਿਣਿਆ ਜਾਣ ਲੱਗਾ ਸੀ। ਲੋਕਾਂ ਦੀ ਲਹਿਰ ਦੇ ਦਬਾਅ ਹੇਠ ਬਣਿਆ ਉਹ ਕਮਿਸ਼ਨ ਵੀ ਸੌਖਾ ਨਹੀਂ ਸੀ ਚੱਲ ਸਕਿਆ, ਉਸ ਵਿੱਚ ਲਾਲਚੀ ਲੋਕ ਆ ਗਏ ਅਤੇ ਇੱਕ ਵਾਰੀ ਕਮਿਸ਼ਨ ਦੇ ਸਿਖਰਲੇ ਅਹੁਦੇਦਾਰਾਂ ਦੇ ਖਿਲਾਫ ਵੀ ਕਾਰਵਾਈ ਕਰਨੀ ਪਈ ਸੀ। ਅਜੋਕੇ ਹਾਂਗ ਕਾਂਗ ਦਾ ਚੀਨ ਦੀ ਚੌਧਰ ਦੇ ਹੇਠ ਕੀ ਹਾਲ ਹੈ, ਇਸ ਦੀ ਪੂਰੀ ਜਾਣਕਾਰੀ ਨਹੀਂ ਮਿਲਦੀ, ਪਰ ਇਸ ਦੀ ਲੋੜ ਸਾਨੂੰ ਹੈਵੀਨਹੀਂ, ਭਾਰਤ ਦੀ ਲੋੜ ਇਹੋ ਹੈ ਕਿ ਓਦਾਂ ਦੀ ਲਹਿਰ ਇਸ ਦੇਸ਼ ਦੇ ਲੋਕਾਂ ਵਿੱਚ ਫੈਲ ਜਾਵੇ ਕਿ ਭ੍ਰਿਸ਼ਟਾਚਾਰ ਦੇ ਕਿਸੇ ਵੀ ਪੱਧਰ ਨੂੰ ਬਰਦਾਸ਼ਤ ਕਰਨਾ ਪਾਪ ਸਮਝਣ ਲੱਗ ਜਾਣ। ਸੁਫਨਾ ਤਾਂ ਸੁਹਾਵਣਾ ਹੈ, ਪਰ ਜਿਸ ਦੇਸ਼ ਵਿੱਚ ਵਾਰ-ਵਾਰ ਕਦੀ ਕੋਈ ਧੀਰੇਂਦਰ ਬ੍ਰਹਮਚਾਰੀ, ਕਦੀ ਚੰਦਰਾ ਸਵਾਮੀ, ਕਦੀ ਕਿਰਨ ਪਟੇਲ ਤੇ ਕਦੀ ਸੰਜੇ ਸ਼ੇਰਪੁਰੀਆ ਉੱਠਣ ਦਾ ਰਿਵਾਜ ਪੱਕਾ ਪੈ ਚੁੱਕਾ ਹੋਵੇ, ਉਸ ਦੇਸ਼ ਵਿੱਚ ਏਦਾਂ ਦੀ ਪ੍ਰਵਿਰਤੀ ਆਮ ਲੋਕਾਂ ਵਿੱਚ ਪੈਦਾ ਹੋਣੀ ਅਜੇ ਬਹੁਤ ਦੂਰ ਦੀ ਗੱਲ ਜਾਪਦੀ ਹੈ ਅਤੇ ਇਹੋ ਗੱਲ ਇਸ ਦੇਸ਼ ਵਿੱਚ ਰਾਜ ਕਰਦੇ ਹਰ ਰੰਗ ਦੇ ਆਗੂਆਂ ਨੂੰ ਲਾਹੇਵੰਦੀ ਸਾਬਤ ਹੁੰਦੀ ਹੈ।

# ਮੀਡੀਆ ਨੂੰ ਆਜ਼ਾਦ ਅਤੇ ਸੁਤੰਤਰ ਹੋਣਾ ਚਾਹੀਦਾ ਹੈ



-ਸੁਰਜੀਤ ਸਿੰਘ ਫਲੋਰਾ-

ਇਸ ਤਰ੍ਹਾਂ 1991 ਵਿੱਚ, ਯੂਨੈਸਕੋ ਜਨਰਲ ਕਾਨਫਰੰਸ ਨੇ ਸੰਯੁਕਤ ਰਾਸ਼ਟਰ ਨੂੰ ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਦੀ ਘੋਸ਼ਣਾ ਕਰਨ ਦੀ ਸਿਫ਼ਾਰਸ਼ ਕਰਨ ਵਾਲਾ ਇੱਕ ਮਤਾ ਪਾਸ ਕੀਤਾ, ਵਿਧਾਨ ਸਭਾ ਨੇ ਇਸਨੂੰ ਰਸਮੀ ਤੌਰ 'ਤੇ 1993 ਵਿੱਚ ਅਪਣਾਇਆ ਅਤੇ ਹਰ ਸਾਲ 3 ਮਈ ਨੂੰ ਇਸ ਦਿਨ ਨੂੰ ਮਨਾਉਣ ਲਈ ਵੱਖਰਾ ਰੱਖਿਆ। ਇਹ ਸੋਸ਼ਲ ਮੀਡੀਆ ਦੇ ਵਿਆਪਕ ਹੋਣ, ਖਬਰਾਂ ਦੀ ਖ਼ਪਤ ਦੇ ਪੈਟਰਨ ਨੂੰ ਬਦਲਣ, ਅਤੇ ਗੁਮਨਾਮੀ ਨਾਲ ਆਨਲਾਈਨ ਗਲਤ ਜਾਣਕਾਰੀ ਅਤੇ ਗਲਤ ਜਾਣਕਾਰੀ ਦੇ ਫੈਲਣ ਨੂੰ ਰੋਕਣ ਕਦਮ ਚੁਕੇ ਸਨ। ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਸਰਕਾਰਾਂ ਨੂੰ ਮੀਡੀਆ ਦੀ ਆਜ਼ਾਦੀ ਅਤੇ ਹੋਰ ਮੌਲਿਕ ਅਧਿਕਾਰਾਂ ਦੀ ਰੱਖਿਆ ਲਈ ਆਪਣੀ ਵਚਨਬੱਧਤਾ ਦਾ ਸਨਮਾਨ ਕਰਨ ਅਤੇ ਮੀਡੀਆ ਪ੍ਰੈਕਟੀਸ਼ਨਰਾਂ ਨੂੰ ਆਪਣੇ ਪੇਸ਼ੇ 'ਤੇ ਪ੍ਰਤੀਬਿੰਬਤ ਕਰਨ ਲਈ ਯਾਦ ਦਿਵਾਉਣ ਦਾ ਕੰਮ ਕਰਦਾ ਹੈ।

ਪਰ ਇਸ ਇੱਕੀ ਵੀ ਸਦੀ ਵਿਚ ਸ਼ੋਸ਼ਲ ਮੀਡੀਆਂ ਜੋਰ ਫੜ ਰਿਹਾ ਹੈ। ਜਿਸ ਕਰਕੇ ਵਿਗਾੜ, ਵਧਦੀ ਤਾਨਾਸ਼ਾਹੀ ਅਤੇ ਭ੍ਰਿਸ਼ਟਾਚਾਰ ਦੀ ਦੁਨੀਆਂ ਵਿੱਚ, ਚੰਗੀ ਪੱਤਰਕਾਰੀ ਸ਼ਾਇਦ ਹੀ ਜਿੰਨੀ ਜ਼ਰੂਰੀ ਹੈ, ਉਨੀ ਹੀ ਔਖੀ ਅਤੇ ਖਤਰਨਾਕ ਵੀ ਹੋ ਰਹੀ ਹੈ। ਕੋਵਿਡ ਦੇ ਸਮੇਂ ਵਿਚ ਬਹੁਤ ਸਾਰੇ ਪੱਤਰਕਾਰਾਂ ਅਤੇ ਨਿਊਜ਼ਪੇਪਰਾਂ ਨੂੰ ਜੇਲ੍ਹਾਂ ਵਿਚ ਬੰਦ ਜਾ ਮਾਰ ਦਿੱਤੇ ਗਏ ਕਿਉਂਕਿ ਉਨ੍ਹਾਂ ਨੂੰ ਆਲੋਚਨਾਤਮਕ ਰਿਪੋਰਟਿੰਗ ਪਸੰਦ ਨਹੀਂ ਸੀ। ਮੀਡੀਆ ਦੇ ਮੈਂਬਰਾਂ 'ਤੇ ਸਿੱਧੇ ਹਮਲਿਆਂ ਦੇ ਨਤੀਜੇ ਵਜੋਂ ਪਿਛਲੇ ਸਾਲਾਂ ਦੌਰਾਨ ਉਨ੍ਹਾਂ ਵਿੱਚੋਂ ਬਹੁਤ ਸਾਰੇ ਨੂੰ ਜੇਲ੍ਹ ਜਾਂ ਮਾਰ ਦਿੱਤਾ ਗਿਆ ਹੈ। ਮਹਾਂਮਾਰੀ ਨੇ ਬਹੁਤ ਸਾਰੀਆਂ ਖ਼ਬਰਾਂ ਦੀਆਂ ਸੰਸਥਾਵਾਂ ਦੀਆਂ ਵਿੱਤੀ ਮੁਸ਼ਕਲਾਂ ਨੂੰ ਹੋਰ ਵਧਾ ਦਿੱਤਾ ਹੈ, ਇੱਥੋਂ ਤੱਕ ਕਿ ਲੰਬੇ ਸਮੇਂ ਤੋਂ ਸਥਾਪਿਤ ਨਿਊਜ਼ ਬ੍ਰਾਂਡਾਂ ਦੇ ਬੰਦ ਹੋਣ ਜਾਂ ਡਿਜੀਟਲ ਵੱਲ ਤਬਦੀਲ ਹੋਣ ਲਈ ਮਜ਼ਬੂਰ ਹੋਣਾ ਪਿਆ ਅਨੁਕੂਲ ਹੋਣ ਅਤੇ ਬਚਣ ਲਈ ਪਲੇਟਫਾਰਮ.ਇਸ ਦੌਰਾਨ, ਆਰਥਿਕ, ਸਮਾਜਿਕ, ਰਾਜਨੀਤਿਕ ਅਤੇ ਜਲਵਾਯੂ ਸੰਕਟ ਲੋਕਾਂ ਨੂੰ ਗਰੀਬੀ, ਨਿਰਾਸ਼ਾ ਅਤੇ ਨੁਕਸਾਨ ਵਿੱਚ ਡੂੰਘੇ ਧੱਕ ਰਹੇ ਹਨ। ਜੰਗ, ਸੰਘਰਸ਼, ਅਤੇ ਇੱਕ ਨਿਰੰਤਰ ਮਹਾਂਮਾਰੀ ਨੇ ਸਰਹੱਦਾਂ ਦੇ ਪਾਰ ਭਾਰੀ ਮੌਤਾਂ ਦੀ ਗਿਣਤੀ ਕੀਤੀ ਹੈ। ਸੰਯੁਕਤ ਰਾਸ਼ਟਰ ਦੁਆਰਾ ਸਥਾਪਿਤ ਕੀਤੇ ਗਏ 30 ਸਾਲ ਬਾਅਦ ਬੁੱਧਵਾਰ ਨੂੰ ਵਿਸ਼ਵ ਪ੍ਰੈਸ ਆਜ਼ਾਦੀ ਦਿਵਸ ਮਨਾਇਆ ਜਾ ਰਿਹਾ ਹੈ, ਅਤੇ ਖ਼ਬਰ ਬੁਰੀ ਹੈ।

ਦੁਨੀਆ ਭਰ ਵਿੱਚ ਪੱਤਰਕਾਰਾਂ ਦੇ ਕਤਲ ਜਾਂ ਜੇਲ੍ਹ ਜਾਣ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਪੱਤਰਕਾਰਾਂ ਦੀ ਸੁਰੱਖਿਆ ਲਈ ਕਮੇਟੀ ਜਨਵਰੀ ਵਿੱਚ ਰਿਪੋਰਟ ਕੀਤੀ ਗਈ ਸੀ ਕਿ ਪਿਛਲੇ ਸਾਲ 67 ਨਿਊਜ਼ ਮੀਡੀਆ ਕਰਮਚਾਰੀ ਮਾਰੇ ਗਏ ਸਨ, ਸਭ ਤੋਂ ਵੱਧ ਮੈਕਸੀਕੋ, ਯੂਕਰੇਨ ਅਤੇ ਹੈਤੀ ਵਿੱਚ ਅਤੇ ਸਭ ਤੋਂ ਵੱਧ 2018 ਤੋਂ ਨੰਬਰ ਹਨ। ਇਸ ਵਿਸ਼ਵ ਪ੍ਰੈੱਸ ਸੁਤੰਤਰਤਾ ਦਿਵਸ 'ਤੇ, ਅਜਿਹੇ ਨਾਮ ਅਤੇ ਚਿਹਰੇ ਹਨ ਜੋ ਪੱਤਰਕਾਰੀ ਦੀ ਸਖ਼ਤ ਹਕੀਕਤ ਨੂੰ ਖਤਰਨਾਕ ਰੂਪ ਵਿੱਚ ਦਰਸਾਉਂਦੇ ਹਨ।

ਚੰਗੀ ਪੱਤਰਕਾਰੀ ਬਿਨਾਂ ਕਿਸੇ ਡਰ ਜਾਂ ਪੱਖਪਾਤ ਦੇ ਝੂਠ ਦੇ ਸਾਹਮਣੇ ਸੱਚ ਬੋਲਦੀ ਹੈ। ਜਦੋਂ ਜਨਤਾ ਤਾਕਤਵਰ ਸਵੈ-ਹਿੱਤ ਰੱਖਣ ਵਾਲਿਆਂ ਦੁਆਰਾ ਉਲਝਣ ਵਿੱਚ ਹੁੰਦੀ ਹੈ, ਤਾਂ ਪੱਤਰਕਾਰ ਤੇ ਸੰਪਾਦਕ ਦਾ ਫਰਜ਼ ਹੁੰਦਾ ਹੈ ਕਿ ਉਹ ਤੱਥਾਂ ਨੂੰ ਉਜਾਗਰ ਕਰੇ ਕਿਉਂਕਿ ਉਹ ਉਹਨਾਂ ਨੂੰ ਜਾਣਦਾ ਹੈ, ਪਾਠਕ ਨੂੰ ਸੂਝਵਾਨ ਫੈਸਲੇ ਲੈਣ ਦੀ ਆਗਿਆ ਦਿੰਦਾ ਹੈ। ਇਸ ਨੂੰ ਪੇਸ਼ੇ ਵਿੱਚ ਸਾਰਿਆਂ ਨੂੰ ਇੱਕ ਪਵਿੱਤਰ ਟਰੱਸਟ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਪਰ ਮਹਾਨ ਪੱਤਰਕਾਰੀ ਸਾਡੀਆਂ ਰੂਹਾਂ ਦਾ ਸ਼ੀਸ਼ਾ ਰੱਖਦੀ ਹੈ, ਇਸ ਦੇ ਪਾਠਕਾਂ ਨੂੰ ਸਹੀ ਤੇ ਗਲਤ ਨੂੰ ਵੇਖਣ ਅਤੇ ਸਮਝਣ ਦੀ ਆਗਿਆ ਦਿੰਦੀ ਹੈ ਜੋ ਸਾਡੇ ਵਿੱਚੋਂ ਹਰ ਇੱਕ ਦੇ ਅੰਦਰ ਹੈ। ਇਹ ਸਾਡੇ ਮਨਾਂ ਨੂੰ ਸਾਡੇ ਆਲੇ ਦੁਆਲੇ ਦੇ ਸੰਸਾਰ ਦੀ ਸੁੰਦਰਤਾ ਲਈ ਖੋਲ੍ਹਦਾ ਹੈ, ਨਾ ਕਿ ਲੁੱਟ ਅਤੇ ਸ਼ੋਸ਼ਣ ਲਈ, ਪਰ ਸਾਡੇ ਸਾਰਿਆਂ ਦੇ ਸੰਸ਼ੋਧਨ ਲਈ। ਇਹ ਸਾਨੂੰ ਇਸ ਪਲ ਵਿੱਚ ਮੌਜੂਦ ਆਨੰਦ ਨੂੰ ਲੱਭਣ ਲਈ ਚੁਣੌਤੀ ਦੇ ਕੇ ਸੰਘਰਸ਼ ਦੇ ਸਮੇਂ ਵਿੱਚ ਆਤਮਾ ਨੂੰ ਉੱਚਾ ਚੁੱਕਦਾ ਹੈ। ਇਹ ਉਹਨਾਂ ਸਾਰਿਆਂ ਨੂੰ ਉਤਸ਼ਾਹਿਤ ਕਰਦਾ ਹੈ ਜੋ ਇਹ ਦੇਖਦੇ ਹਨ ਕਿ ਅਸੀਂ ਸੱਚਮੁੱਚ ਆਪਣੇ ਲੋਕਾ ਦੇ ਰੱਖਿਅਕ ਹਾਂ, ਇਹ ਜਾਣਦੇ ਹੋਏ ਕਿ ਸਿਰਫ਼ ਦੂਜਿਆਂ ਦੀ ਸੇਵਾ ਕਰਨ ਵਿੱਚ ਹੀ ਅਸੀਂ ਸੱਚਮੁੱਚ ਆਪਣੀ ਅਤੇ ਆਪਣੇ ਬੱਚਿਆਂ ਦੀ ਸੇਵਾ ਕਰਦੇ ਹਾਂ। ਹਾਲੀਆ ਪੋਲਾਂ ਦੇ ਨਾਲ ਉਹਨਾਂ ਸਾਰਿਆਂ ਦੇ ਲੋਕਾਂ ਦੇ ਅਵਿਸ਼ਵਾਸ ਦੀ ਡੂੰਘਾਈ ਨੂੰ ਦਰਸਾਉਂਦਾ ਹੈ ਜਿਨ੍ਹਾਂ ਨੂੰ ਅਸੀਂ ਆਪਣੇ ਵਿਸ਼ਵਾਸ ਨਾਲ ਸੌਂਪਦੇ ਹਾਂ, ਸਾਨੂੰ ਆਪਣੇ ਡਰ ਅਤੇ ਗੁੱਸੇ ਤੋਂ ਪਰੇ ਦੇਖਣ ਲਈ ਸਾਡੀ ਮਦਦ ਕਰਨ ਲਈ ਸਾਡੇ ਪੱਤਰਕਾਰਾਂ ਦੀ ਪਹਿਲਾਂ ਨਾਲੋਂ ਜ਼ਿਆਦਾ ਲੋੜ ਹੈ।

ਵਿਸ਼ਵ ਪ੍ਰੈੱਸ ਸੁਤੰਤਰਤਾ ਦਿਵਸ ਦਾ ਇਹ 30ਵਾਂ ਸਾਲ ਮਨੁੱਖੀ ਅਧਿਕਾਰਾਂ ਦੇ ਵਿਸ਼ਵਵਿਆਪੀ ਘੋਸ਼ਣਾ ਪੱਤਰ ਨੂੰ ਅਪਣਾਏ ਜਾਣ ਦੇ 75ਵੇਂ ਸਾਲ 'ਤੇ ਮਨਾਇਆ ਜਾ ਰਿਹਾ ਹੈ। ਇਸ ਇਤਿਹਾਸਕ ਘੋਸ਼ਣਾ ਪੱਤਰ ਦੀ ਪ੍ਰਸਤਾਵਨਾ ਵਿੱਚ, ਚਾਰ ਬੁਨਿਆਦੀ ਆਜ਼ਾਦੀਆਂ ਦੀ ਰੂਪਰੇਖਾ ਦਿੱਤੀ ਗਈ ਹੈ: ਬੋਲਣ ਦੀ ਆਜ਼ਾਦੀ, ਵਿਸ਼ਵਾਸ ਦੀ ਆਜ਼ਾਦੀ, ਡਰ ਤੋਂ ਆਜ਼ਾਦੀ, ਅਤੇ ਇੱਛਾ ਤੋਂ ਆਜ਼ਾਦੀ - ਇਸ ਕ੍ਰਮ ਵਿੱਚ।

ਇੱਕ ਆਜ਼ਾਦ ਪ੍ਰੈਸ ਇੱਕ ਆਜ਼ਾਦ ਸਮਾਜ ਦੀ ਗਰੰਟੀ ਵਿੱਚ ਮਦਦ ਕਰਦੀ ਹੈ। #ਏੱਸੰਅਟਟਏਰਸ ਕਿਉਂ ਹੈ ਕਿਉਂਕਿ ਇਹ ਲੋਕਤੰਤਰ ਨੂੰ ਸੁਰੱਖਿਅਤ ਰੱਖਣ ਅਤੇ ਸੁਰੱਖਿਅਤ ਕਰਨ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ। ਪੱਤਰਕਾਰ ਸਵਾਲ ਕਰਦੇ ਹਨ, ਉਹ ਜਾਂਚ ਕਰਦੇ ਹਨ, ਉਹ ਬਹਿਸ ਨੂੰ ਭੜਕਾਉਂਦੇ ਅਤੇ ਉਤਸ਼ਾਹਿਤ ਕਰਦੇ ਹਨ ਅਤੇ ਉਹ ਸ਼ਬਦਾਂ ਰਾਹੀਂ ਸਿੱਖਿਆ ਅਤੇ ਸ਼ਕਤੀ ਪ੍ਰਦਾਨ ਕਰਦੇ ਹਨ। ਪਰ ਪੱਤਰਕਾਰੀ ਹਮਲੇ ਦੀ ਮਾਰ ਹੇਠ ਹੈ। ਜਾਅਲੀ ਖ਼ਬਰਾਂ ਵਾਇਰਲ ਹੁੰਦੀਆਂ ਹਨ। ਸੋਸ਼ਲ ਮੀਡੀਆ ਸਮੱਗਰੀ ਨੂੰ ਘਟਾ ਰਿਹਾ ਹੈ ਅਤੇ ਲੋਕ ਵੀ ਜਾਣੂ ਨਹੀਂ ਹਨ. ਸਪੱਸ਼ਟ ਤੌਰ 'ਤੇ, ਹੁਣ ਪਹਿਲਾਂ ਨਾਲੋਂ ਵੱਧ, ਗਲੋਬਲ ਅਤੇ ਸਥਾਨਕ ਦੋਵਾਂ ਮੁੱਦਿਆਂ ਨੂੰ ਸਮਝਣ, ਪ੍ਰਸ਼ਨ ਕਰਨ ਅਤੇ ਧਿਆਨ ਖਿੱਚਣ ਦੀ ਯੋਗਤਾ ਕਦੇ ਵੀ ਮਹੱਤਵਪੂਰਨ ਨਹੀਂ ਰਹੀ ਹੈ। ਜੇ ਪੱਤਰਕਾਰ ਸਖ਼ਤ ਸਵਾਲ ਨਹੀਂ ਪੁੱਛਦੇ -ਆ ਰਹੇ ਸਮੇਂ ਵਿਚ ਅਸੀਂ ਉਸ ਦੀ ਕੀਮਤ ਅਦਾ ਕਰਾਂਗੇ।

ਪੱਤਰਕਾਰੀ ਹੀ ਹੈ ਜੋ ਦੁਨੀਆਂ ਦੀ ਇੱਕ ਖਿੜਕੀ ਹੈ। ਸਾਨੂੰ ਉਸ ਸੰਸਾਰ ਬਾਰੇ ਸਪਸ਼ਟ ਦ੍ਰਿਸ਼ਟੀਕੋਣ ਦੀ ਜ਼ਰੂਰਤ ਹੈ, ਨਾ ਕਿ ਅੱਧੇ ਸੱਚ ਦੀ, ਜਾਅਲੀ ਖ਼ਬਰਾਂ ਅਤੇ ਗਲਤ ਜਾਣਕਾਰੀ ਦੀ। ਪੇਸ਼ੇਵਰ ਗਿਆਨਵਾਨ ਪੱਤਰਕਾਰੀ ਤੋਂ ਬਿਨਾਂ ਸਾਡਾ ਨਜ਼ਰੀਆ ਇੰਨਾ ਵਿਗੜ ਜਾਵੇਗਾ ਕਿ ਲੋਕਤੰਤਰ ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਇਹ ਹੁਣ ਦਿਖਾਈ ਨਹੀਂ ਦੇਵੇਗਾ।

ਆਜ਼ਾਦ ਪ੍ਰੈਸ ਲੋਕਤੰਤਰ ਦਾ ਮੂਲ ਸਿਧਾਂਤ ਹੈ। ਪੱਤਰਕਾਰੀ ਅੱਜ ਸਾਰੇ ਗੈਰ-ਨਿਯੰਤ੍ਰਿਤ ਪਲੇਟਫਾਰਮਾਂ ਅਤੇ ਅਗਿਆਤ ਸਰੋਤਾਂ ਦੇ ਮੱਦੇਨਜ਼ਰ ਹੋਰ ਵੀ ਮਹੱਤਵਪੂਰਨ ਹੈ, ਜਿਨ੍ਹਾਂ 'ਤੇ ਝੂਠ ਫੈਲਾਇਆ ਜਾ ਸਕਦਾ ਹੈ ਅਤੇ ਆਜ਼ਾਦ ਚੋਣਾਂ ਨੂੰ ਵੀ ਕਮਜ਼ੋਰ ਕੀਤਾ ਜਾ ਸਕਦਾ ਹੈ।

ਪ੍ਰੈਸ ਕੋਲ ਉਹ ਸ਼ਕਤੀ ਹੋਣੀ ਚਾਹਿੰਦੀ ਹੈ ਜੋ ਆਜ਼ਾਦੀ ਦੇ ਨਾਲ ਆਉਂਦੀ ਹੈ,ਪਰ ਬਿਨਾਂ ਕਿਸੇ ਜਾਇਜ਼ਤਾ ਦੇ ਨੇਤਾਵਾਂ ਨੂੰ ਤਬਾਹ ਕਰਨ ਦਾ ਕੋਈ ਅਧਿਕਾਰ ਨਹੀਂ ਦਿੰਦੀ, ਅਤੇ ਨਾ ਹੀ ਉਨ੍ਹਾਂ ਲਈ ਝੂਠੀ ਅਤੇ ਚਮਕਦਾਰ ਸਾਖ ਬਣਾਉਣ ਦਾ ਅਧਿਕਾਰ ਦਿੰਦੀ ਹੈ ਜੋ ਕਿਸੇ ਵੀ ਹੱਕਦਾਰ ਨਹੀਂ ਹਨ।

ਇਸ ਸਮੇਂ ਪੱਤਰਕਾਰਾਂ ਨੂੰ ਨਾ ਸਿਰਫ਼ ਸੈਂਸਰਸ਼ਿਪ, ਪਰੇਸ਼ਾਨੀ, ਡਿਜੀਟਲ ਹਮਲਿਆਂ ਅਤੇ ਆਪਣੀਆਂ ਸੰਸਥਾਵਾਂ ਨੂੰ ਬੰਦ ਕਰਨ ਦੀਆਂ ਧਮਕੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਸਗੋਂ ਕਤਲ ਵੀ ਹੁੰਦਾ ਹੈ। ਇਨ੍ਹਾਂ ਧਮਕੀਆਂ ਨਾਲ ਪ੍ਰੈਸ ਦੀ ਆਜ਼ਾਦੀ ਦੇ ਨਾਲ-ਨਾਲ ਹੋਰ ਬੁਨਿਆਦੀ ਅਧਿਕਾਰਾਂ ਨੂੰ ਵੀ ਖ਼ਤਰਾ ਪੈਦਾ ਹੋ ਗਿਆ ਹੈ।

ਇਹ ਅਕਸਰ ਕਿਹਾ ਜਾਂਦਾ ਹੈ ਕਿ ਮੀਡੀਆ ਸਭ ਤੋਂ ਔਖੇ ਸਮੇਂ ਵਿੱਚ ਪ੍ਰਫੁੱਲਤ ਹੁੰਦਾ ਹੈ। ਦੂਜੇ ਸ਼ਬਦਾਂ ਵਿੱਚ, ਪੱਤਰਕਾਰ ਕੋਈ ਵੀ ਤਿਆਗ ਨਹੀਂ ਕਰਦੇ ਅਤੇ ਸਮਾਜ ਵਿੱਚ ਆਪਣੀ ਅਹਿਮ ਭੂਮਿਕਾ ਨੂੰ ਦ੍ਰਿੜਤਾ ਨਾਲ ਬਰਕਰਾਰ ਰੱਖਦੇ ਹਨ। ਕੋਈ ਫ਼ਰਕ ਨਹੀਂ ਪੈਂਦਾ ਕਿ ਇਹ ਅਕਸਰ ਇੱਕ ਬੇਸ਼ੁਮਾਰ ਕੰਮ ਹੁੰਦਾ ਹੈ। ਕੋਈ ਫ਼ਰਕ ਨਹੀਂ ਪੈਂਦਾ ਕਿ ਇਹ ਇੱਕ ਖ਼ਤਰਨਾਕ ਕੰਮ ਹੈ। ਅੱਜ ਦੇ ਵਿਸ਼ਵ ਪ੍ਰੈਸ ਅਜ਼ਾਦੀ ਦਿਵਸ ਦੇ ਅਰਥਾਂ ਬਾਰੇ ਸੋਚਣ ਦਾ ਇਹ ਸ਼ਾਇਦ ਇੱਕ ਤਰੀਕਾ ਹੈ।

ਮੀਡੀਆ ਦੀ ਜ਼ਿੰਮੇਵਾਰੀ ਸੱਚ ਦੀ ਖੋਜ ਕਰਨਾ, ਸਰਕਾਰ ਨੂੰ ਜਵਾਬਦੇਹ ਬਣਾਉਣਾ ਅਤੇ ਅਵਾਜ਼ਹੀਣ ਅਤੇ ਹਾਸ਼ੀਏ 'ਤੇ ਪਏ ਲੋਕਾਂ ਦੀ ਆਵਾਜ਼ ਬਣਨਾ ਹੈ। ਉਹ ਨਾਗਰਿਕਾਂ ਨੂੰ ਸੂਚਿਤ ਕਰਨ, ਸਿੱਖਿਅਤ ਕਰਨ ਅਤੇ ਸ਼ਕਤੀਕਰਨ ਲਈ ਮੌਜੂਦ ਹਨ ਤਾਂ ਜੋ ਉਹ ਆਪਣੇ ਅਧਿਕਾਰਾਂ ਲਈ ਲੜ ਸਕਣ ਅਤੇ ਚੰਗੇ ਸ਼ਾਸਨ ਅਤੇ ਇੱਕ ਨਿਆਂਪੂਰਨ ਸਮਾਜ ਦੀ ਮੰਗ ਕਰ ਸਕਣ।

ਆਪਣੀ ਜ਼ਰੂਰੀ ਭੂਮਿਕਾ ਨਿਭਾਉਣ ਲਈ, ਮੀਡੀਆ ਨੂੰ ਆਜ਼ਾਦ ਅਤੇ ਸੁਤੰਤਰ ਹੋਣਾ ਚਾਹੀਦਾ ਹੈ, ਪਰ ਨੈਤਿਕ ਅਤੇ ਪੇਸ਼ੇਵਰ ਆਚਰਣ ਦੁਆਰਾ ਵੀ ਬੰਨ੍ਹਿਆ ਜਾਣਾ ਚਾਹੀਦਾ ਹੈ। ਅਤੇ ਤਕਨੀਕੀ ਰੁਕਾਵਟਾਂ ਅਤੇ ਅਸਹਿਣਸ਼ੀਲ ਸਰਕਾਰਾਂ ਦੇ ਸਾਮ੍ਹਣੇ ਜੋ ਉਹਨਾਂ ਦੀ ਹੋਂਦ ਅਤੇ ਸਾਰਥਕਤਾ ਨੂੰ ਖਤਰੇ ਵਿੱਚ ਪਾਉਂਦੀਆਂ ਹਨ, ਮੀਡੀਆ ਨੂੰ ਉਹਨਾਂ ਲੋਕਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਨਾ ਕਿ ਉਹਨਾਂ ਲੋਕਾਂ ਤੱਕ ਪਹੁੰਚਣ ਦੀ, ਜਿਹਨਾਂ ਦੀ ਉਹ ਸੇਵਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

## 'ਲੋਕ ਇੰਨਸਾਫ ਪਾਰਟੀ' ਦੀ ਯੂਰੋਪੀਅਨ ਕੋਰ ਭੰਗ, ਜਲੰਧਰ ਤੋ ਗੁਰਜੰਟ ਸਿੰਘ ਕੱਟੂ ਨੂੰ ਪੂਰਨ ਹਿਮਾਇਤ : ਘੁੰਮਣ



ਪੈਰਿਸ , 4 ਮਈ (ਪੋਸਟ ਬਿਊਰੋ): ਜਲੰਧਰ ਦੀ ਪਾਰਲੀਮੈਂਟ ਸੀਟ ਲਈ ਜਿਮਨੀ ਚੋਣਾਂ ਵਿੱਚ ਪੰਜਾਬ ਵਿਚਲੀ ਲੋਕ ਇੰਨਸਾਫ ਪਾਰਟੀ ਨੇ ਬੀਜੇਪੀ ਨੂੰ ਹਿਮਾਇਤ ਕੀਤੀ ਹੈ। ਸਿਮਰਜੀਤ ਸਿੰਘ ਬੈਂਸ ਅਤੇ ਬਲਵਿੰਦਰ ਸਿੰਘ ਬੈਂਸ ਜੋ ਲੋਕ ਇੰਨਸਾਫ ਪਾਰਟੀ ਦੇ ਮੁੱਖੀ ਹਨ। ਇਹਨਾ ਬੈਂਸ ਭਰਾਵਾਂ ਵੱਲੋ ਆਉਣ ਵਾਲੇ ਸਮੇ ਵਿੱਚ ਪੂਰਨ ਤੌਰ ਤੇ ਬੀਜੇਪੀ ਵਿੱਚ ਸ਼ਾਮਲ ਹੋਣ ਦੇ ਸੰਕੇਤ ਦਿੱਤੇ ਹਨ। ਇਸ ਹਿਮਾਇਤ ਦਾ ਪਾਰਟੀ ਦੀ ਯੂਰੋਪੀਆਨ ਕੋਰ ਕਮੇਟੀ ਨੇ ਗੰਭੀਰਤਾ ਨਾਲ ਲੈਦੇ ਹੋਏ ਸਾਰੀਆਂ ਇਕਾਈਆਂ ਨੂੰ ਭੰਗ ਕਰ ਦਿਤਾ ਹੈ। ਇਕ ਬਿਆਨ ਜਾਰੀ ਕਰਦੇ ਹੋਏ ਇਨਸਾਫ ਪਾਰਟੀ ਯੂਰਪ ਦੇ ਸਰਪ੍ਰਸਤ ਬਲਜੀਤ ਸਿੰਘ ਭੁੱਲਰ ਜਰਮਨੀ, ਪ੍ਰਧਾਨ ਕ੍ਰਿਪਾਲ ਸਿੰਘ ਬਾਜਵਾ ਬੈਲਜੀਅਮ, ਯੂ.ਕੇ ਯੂਨਿਟ ਦੇ ਪ੍ਰਧਾਨ ਰਾਜਿੰਦਰ ਸਿੰਘ ਥਿੰਦ, ਆਰਗੇਨਾਈਜਰ ਸ਼ਮਸ਼ੇਰ ਸਿੰਘ ਫਰਾਂਸ, ਜਨਰਲ ਸਕੱਤਰ ਜਗਤਾਰ ਸਿੰਘ ਮਾਹਲ ਜਰਮਨੀ, ਮੀਤ ਪ੍ਰਧਾਨ ਦਵਿੰਦਰ ਸਿੰਘ ਮੱਲੀ ਸਪੇਨ, ਮਾਝਾ ਜੋਨ ਦੇ ਸਰਪ੍ਰਸਤ ਜਗਜੋਤ ਸਿੰਘ ਖਾਲਸਾ ਨੇ ਸ਼੍ਰੋਮਣੀ ਅਕਾਲੀ ਦਲ ਅਮ੍ਰਿੰਤਸਰ ਨੂੰ ਜਲੰਧਰ ਸੀਟ ਤੋ ਚੋਣਾ ਵਿੱਚ ਪੂਰਨ ਹਿਮਾਇਤ ਕੀਤੀ ਹੈ। ਸਾਂਝੇ ਬਿਆਨ ਵਿੱਚ ਆਗੂਆਂ ਨੇ ਪੰਜਾਬ ਅਤੇ ਪੰਥਕ ਉਮੀਦਵਾਰ ਦੇ ਤੌਰ ਤੇ ਗੁਰਜੰਟ ਸਿੰਘ ਕੱਟੂ ਨੂੰ ਜਿਤਾਉਣ ਦੀ ਅਪੀਲ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਅਮ੍ਰਿੰਤਸਰ ਯੂਰਪ ਵੱਲੋ ਦਲਵਿੰਦਰ ਸਿੰਘ ਘੁੰਮਣ, ਜਗਜੀਤ ਸਿੰਘ ਚੀਮਾਂ, ਜਸਪਾਲ ਸਿੰਘ ਪਨੂੰ, ਤਜਿੰਦਰ ਸਿੰਘ, ਅਤੇ ਸਤਨਾਮ ਸਿੰਘ " ਗਤਕਾ ਮੀਰੀ ਪੀਰੀ ਅਖਾੜਾ " ਨੇ ਉਚੇਚੇ ਤੌਰ ਸਮੂਹ ਆਗੂਆਂ ਦਾ ਪੰਥ ਪ੍ਰਸਥੀ ਫੈਸਲਾ ਦਾ ਜਿਥੇ ਸੁਆਗਤ ਕੀਤਾ ਹੈ ਉਥੇ ਪਾਰਟੀ ਵੱਲੋ ਧੰਨਵਾਦ ਲਈ ਸਮਸ਼ੇਰ ਸਿੰਘ ਅਮ੍ਰਿੰਤਸਰ ਨੂੰ ਸਨਮਾਨਿਤ ਕੀਤਾ। ਇਹ ਆਗੂ ਸਾਹਬਾਨ ਆਉਣ ਵਾਲੇ ਸਮੇ ਵਿੱਚ ਹਮੇਸ਼ਾ ਕੌਮ ਦੇ ਹਿੱਤਾ ਲਈ ਖੜੇ ਰਹਿ ਕੇ ਹੱਕ ਸੱਚ ਦੀ ਗੱਲ ਉਠਾਉਦੇ ਰਹਿਣਗੇ।

McASPHALT Ltd.

NOW HIRING
AZ TANKER DRIVERS
BASED OUT OF BRAMPTON | OSHAWA | HAMILTON

MC A
McASPHALT

REQUIREMENTS & BENEFITS


ABLE TO START RIGHT AWAY

COMPETITIVE COMPENSATION PACKAGE
inclusive of competitive hourly rate, daily per diems,
full benefit package and competitive pension plan

SUBMIT RESUME
vidhu.rajkumar@mcasphalt.com

ਮੇਰੀ ਪਾਕਿਸਤਾਨ ਫੇਰੀ-6

# ਛੇਵਾਂ ਦਿਨ ਸ੍ਰੀ ਨਨਕਾਣਾ ਸਾਹਿਬ ਤੇ 'ਆਲਮੀ ਮਾਂ-ਬੋਲੀ ਦਿਨ' ਦੇ ਨਾਂ















ਲਹਿੰਦੇ ਪੰਜਾਬ ਵਿੱਚ ਵਿਚਰਦਿਆਂ ਛੇਵੇਂ ਦਿਨ ਅਸੀਂ ਸਵੇਰੇ ਨੌਂ ਵਜੇ ਆਪਣੇ ਹੋਟਲ ਤੋਂ ਸ੍ਰੀ ਨਨਕਾਣਾ ਸਾਹਿਬ ਜਾਣ ਵਾਲੇ ਮੋਟਰਵੇਅ 'ਤੇ ਗੱਡੀ ਪਾ ਕੇ ਡੇਢ ਕੁ ਘੰਟੇ ਵਿੱਚ ਉੱਥੇ ਪਹੁੰਚ ਗਏ। ਇਸ ਦਿਨ ਦਾ ਸਾਡਾ ਪ੍ਰੋਗਰਾਮ ਸੱਭ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਜਨਮ-ਅਸਥਾਨ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਦਾ ਸੀ ਅਤੇ ਬਾਅਦ ਵਿਚ ਹੋਰ ਗੁਰਦੁਆਰਾ ਸਾਹਿਬਾਨ ਨੂੰ ਜਾਣ ਦਾ ਸੀ। ਇਸ ਲਈ ਸਿੱਧੇ ਉਸ ਗੁਰਦੁਆਰਾ ਸਾਹਿਬ ਵਿਖੇ ਹੀ ਗਏ। ਇਸ ਦੇ ਨਾਲ ਅਸੀਂ ਏਸੇ ਹੀ ਦਿਨ 21 ਫ਼ਰਵਰੀ ਨੂੰ ਬਾਅਦ ਦੁਪਹਿਰ ਤਿੰਨ ਕੁ ਵਜੇ 'ਆਲਮੀ ਮਾਂ-ਬੋਲੀ ਦਿਵਸ' ਸਬੰਧੀ ਲਾਹੌਰ ਵਿਖੇ ਪੰਜਾਬੀ ਪਰੈੱਸ ਵੱਲੋਂ ਕਰਵਾਏ ਜਾ ਰਹੇ ਸਮਾਗ਼ਮ ਵਿੱਚ ਵੀ ਸ਼ਾਮਲ ਹੋਣਾ ਸੀ। ਸਾਡੇ ਕੋਲ਼ ਸਮਾਂ ਸੀਮਤ ਹੋਣ ਕਾਰਨ ਅਸੀਂ ਇੱਕ ਦਿਨ ਵਿੱਚ ਦੋ-ਦੋ, ਤਿੰਨ-ਤਿੰਨ ਜਾਂ ਇਸ ਤੋਂ ਵੀ ਵਧੇਰੇ ਥਾਵਾਂ/ਸਮਾਗ਼ਮ ਵੇਖਣ ਦਾ ਪ੍ਰੋਗਰਾਮ ਉਲੀਕਿਆ ਹੋਇਆ ਸੀ। ਦਰਸ਼ਨੀ ਡਿਓਢੀ ਦੇ ਅੰਦਰ ਦਾਖ਼ਲ ਹੁੰਦਿਆਂ ਹੀ ਉੱਥੇ ਮੌਜੂਦ ਪੁਲੀਸ ਕਰਮਚਾਰੀਆਂ ਨੇ ਸਾਡੇ ਪਾਸਪੋਰਟ ਤੇ ਵੀਜ਼ੇ ਚੈੱਕ ਕੀਤੇ। ਵੈਸੇ, ਵੀਜ਼ੇ ਚੈੱਕ ਕਰਨ ਦੀ ਤੁੱਕ ਤਾਂ ਕੋਈ ਨਹੀਂ ਸੀ ਬਣਦੀ, ਕਿਉਂਕਿ ਉਹ ਤਾਂ ਸਾਡੀ ਇਸ ਯਾਤਰਾ ਦੇ ਪਹਿਲੇ ਦਿਨ ਹੀ ਭਾਰਤ ਦੀ ਸਰਹੱਦ ਪਾਰ ਕਰਨ ਸਮੇਂ ਚੈੱਕ-ਪੋਸਟ 'ਤੇ ਮੌਜੂਦ ਪਾਕਿਸਤਾਨੀ ਇੰਮੀਗਰੇਸ਼ਨ ਅਧਿਕਾਰੀਆਂ ਵੱਲੋਂ ਚੰਗੀ ਤਰ੍ਹਾਂ ਚੈੱਕ ਕਰਨ ਤੋਂ ਬਾਅਦ ਹੀ ਸਾਨੂੰ ਪਾਕਿਸਤਾਨ ਦੇ ਅੰਦਰ ਦਾਖ਼ਲ ਹੋਣ ਦੀ ਆਗਿਆ ਦਿੱਤੀ ਗਈ ਸੀ। ਪਰ ਕਈ ਸਰਕਾਰੀ ਕਰਮਚਾਰੀ ਵੀ 'ਲਕੀਰ ਦੇ ਫਕੀਰ' ਹੀ ਹੁੰਦੇ ਹਨ ਅਤੇ ਆਪਣੇ ਦਿਮਾਗ਼ ਦੀ ਵਰਤੋਂ ਘੱਟ ਹੀ ਕਰਦੇ ਹਨ ਜਾਂ ਇਹ ਵੀ ਹੋ ਸਕਦਾ ਹੈ ਕਿ ਪੁਲੀਸ ਵਾਲ਼ਿਆਂ ਨੇ ਵੀ ਇੱਥੇ ਆਪਣੀ ਫਾਰਮੈਲਿਟੀ ਕਰਨੀ ਹੋਵੇ। ਉਂਜ, ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਅਤੇ ਗੁਰ-ਦੁਆਰਾ ਕਰਤਾਰਪੁਰ ਸਾਹਿਬ ਵਿੱਚ ਜਾਣ ਸਮੇਂ ਪੁਲੀਸ ਕਰਮਚਾਰੀਆਂ ਨੇ ਤਾਂ ਸਾਡੇ ਕੇਵਲ ਪਾਸਪੋਰਟ ਹੀ ਚੈੱਕ ਕੀਤੇ ਸਨ। ਪੁਲੀਸ ਚੈੱਕ-ਪੋਸਟ ਤੋਂ ਥੋੜ੍ਹਾ ਜਿਹਾ ਅੱਗੇ ਗਏ ਤਾਂ ਪਾਕਿਸਤਾਨੀ ਵਕਫ਼ ਬੋਰਡ ਦਾ ਇੱਕ ਅਧਿਕਾਰੀ ਆਪਣੇ ਦਫ਼ਤਰ ਵਿੱਚੋਂ ਬਾਹਰ ਆਇਆ ਅਤੇ ਬੜੇ ਤਪਾਕ ਨਾਲ ਸਾਨੂੰ ਮਿਲਿਆ। ਬੜੇ ਹੀ ਅਦਬ ਸਤਿਕਾਰ ਨਾਲ ਉਸ ਨੇ ਸਾਡਾ ਉੱਥੇ ਆਉਣ 'ਤੇ ਨਿੱਘਾ ਸੁਆਗ਼ਤ ਕੀਤਾ ਅਤੇ ਆਉਣ ਲਈ ਧੰਨਵਾਦ ਵੀ ਕੀਤਾ।

## ਦਰਸ਼ਨ-ਦੀਦਾਰੇ ਗੁਰਦੁ-ਆਰਾ ਜਨਮ-ਅਸਥਾਨ ਤੇ 'ਇਤਿਹਾਸਕ ਜੰਡ' ਦੇ

ਜੋੜੇ ਉਤਾਰ ਕੇ ਗੁਰੂ ਨਾਨਕ ਦੇਵ ਜੀ ਦੇ ਜਨਮ-ਅਸਥਾਨ ਵਿਖੇ ਪ੍ਰਕਾਸ਼ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਮੱਥਾ ਟੇਕਿਆ। ਇਤਿਹਾਸ ਵਿੱਚ ਦਰਜ ਹਵਾਲਿਆਂ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਰੂਹਾਨੀ ਪ੍ਰਤਿਭਾ ਦੀ ਪਛਾਣ ਸੱਭ ਤੋਂ ਪਹਿਲਾਂ ਉਸ ਵੇਲੇ ਦੇ ਪਿੰਡ ਤਲਵੰਡੀ ਦੇ ਵਸਨੀਕ ਰਾਏ ਬੁਲਾਰ ਭੱਟੀ ਵੱਲੋਂ ਕੀਤੀ ਗਈ। ਇਹ ਪਿੰਡ ਤਲਵੰਡੀ ਰਾਏ ਬੁਲਾਰ ਭੱਟੀ ਦੇ ਪਿਤਾ ਇੱਕ ਬਹੁਤ ਵੱਡੇ ਜ਼ਿੰਮੀਂਦਾਰ ਰਾਏ ਭੋਏ ਭੱਟੀ ਵੱਲੋਂ ਵਸਾਇਆ ਗਿਆ ਸੀ ਅਤੇ ਉਸ ਦੇ ਨਾਂ 'ਤੇ ਹੀ ਇਸ ਪਿੰਡ ਦਾ ਨਾਂ 'ਰਾਏ ਭੋਏ ਦੀ ਤਲਵੰਡੀ' ਮਸ਼ਹੂਰ ਹੋ ਗਿਆ। ਰਾਏ ਬੁਲਾਰ ਭੱਟੀ ਗੁਰੂ ਸਾਹਿਬ ਦਾ ਪੱਕਾ ਸ਼ਰਧਾਲੂ ਬਣ ਗਿਆ ਅਤੇ ਉਸ ਨੇ ਆਪਣੀ 1500 ਮੁਰੱਬੇ ਜ਼ਮੀਨ ਵਿੱਚੋਂ ਅੱਧੀ, ਭਾਵ 750 ਮੁਰੱਬੇ (ਲੱਗਭੱਗ 18,500 ਏਕੜ) ਗੁਰੂ ਨਾਨਕ ਦੇਵ ਜੀ ਦੇ ਨਾਂ ਲੁਆ ਦਿੱਤੀ ਸੀ ਅਤੇ ਇਹ ਹੁਣ ਵੀ ਓਸੇ ਤਰ੍ਹਾਂ ਚੱਲੀ ਆਓਦੀ ਹੈ। ਕੁਝ ਸਾਲ ਪਹਿਲਾਂ ਭੱਟੀ ਪਰਿਵਾਰ ਦੇ ਅਜੋਕੇ ਵਾਰਸਾਂ ਵੱਲੋਂ ਇਹ ਜ਼ਮੀਨ ਵਾਪਸ ਲੈਣ ਲਈ ਅਦਾਲਤ ਵਿੱਚ ਚਾਰਾਜ਼ੋਈ ਕੀਤੀ ਗਈ ਸੀ ਅਤੇ ਇਸ ਦੇ ਲਈ ਉਨ੍ਹਾਂ ਪਹਿਲਾਂ ਲਾਹੌਰ ਹਾਈਕੋਰਟ ਵਿੱਚ ਕੇਸ ਕੀਤਾ ਜਿੱਥੇ ਉਹ ਹਾਰ ਗਏ। ਫਿਰ ਜਦ ਉਹ ਇਸਲਾਮਾਬਾਦ ਵਿਖੇ ਸੁਪਰੀਮ ਕੋਰਟ ਵਿੱਚ ਗਏ ਤਾਂ ਉੱਥੇ ਸੁਪਰੀਮ ਕੋਰਟ ਦੇ ਚੀਫ਼-ਜਸਟਿਸ ਵੱਲੋਂ ਸਮਝਾਉਣ 'ਤੇ ਉਨ੍ਹਾਂ ਨੇ ਇਹ ਕੇਸ ਵਾਪਸ ਲੈ ਲਿਆ।

ਗੁਰਦੁਆਰਾ ਸਾਹਿਬ ਤੋਂ ਬਾਹਰ ਆ ਕੇ ਅਸੀਂ ਉਸ ਇਤਿਹਾਸਕ ਜੰਡ ਦੇ ਦਰਸ਼ਨ ਕੀਤੇ ਜਿੱਥੇ 20 ਫ਼ਰਵਰੀ 1921 ਨੂੰ ਹੋਏ ਅਤੀ ਦਰਦਨਾਕ ਖ਼ੂੰਨੀ ਸਾਕੇ ਵਿਚ 150 ਸਿੰਘਾਂ ਨੂੰ ਗੋਲੀਆਂ, ਤਲਵਾਰਾਂ, ਟਕੂਇਆਂ ਆਦਿ ਨਾਲ ਸ਼ਹੀਦ ਕੀਤਾ ਗਿਆ ਸੀ ਅਤੇ ਜੱਥੇ ਦੇ ਮੁੱਖੀ ਲਛਮਣ ਸਿੰਘ ਧਾਰੋਵਾਲੀ ਸਮੇਤ ਕਈਆਂ ਨੂੰ ਜੰਡ ਨਾਲ ਬੰਨ੍ਹ ਕੇ ਜਿਉਂਦੇ ਸਾੜਿਆ ਗਿਆ ਸੀ। ਉਸ ਸਮੇਂ ਇਸ ਗੁਰਦੁਆਰਾ ਸਾਹਿਬ 'ਤੇ ਮਹੰਤ ਨਰਾਇਣ ਦਾਸ ਕਾਬਜ਼ ਸੀ ਜੋ ਸਿੱਖ ਇਤਿਹਾਸ ਵਿੱਚ 'ਨਰੈਣੂ ਮਹੰਤ' ਦੇ ਨਾਂ ਨਾਲ ਜਾਣਿਆਂ ਜਾਂਦਾ ਹੈ। ਉਹ ਪੂਰਾ ਸ਼ਰਾਬੀ/ਕਬਾਬੀ ਗੁੰਡਾ ਅਤੇ ਬਦਮਾਸ਼ ਸੀ ਅਤੇ ਇਸ ਪਵਿੱਤਰ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਕਈ ਪ੍ਰਕਾਰ ਦੀਆਂ ਬਦਫੈਲੀਆਂ ਕਰਦਾ ਸੀ ਅਤੇ ਆਪਣੇ ਸਾਥੀਆਂ ਤੋਂ ਵੀ ਕਰਵਾਉਂਦਾ ਸੀ। ਗੁਰਦੁਆਰਾ ਸਾਹਿਬ ਨੂੰ ਇਸ ਬਦਮਾਸ਼ ਮਹੰਤ ਦੇ ਕਬਜ਼ੇ ਤੋਂ ਛੁਡਵਾਉਣ ਲਈ ਸ। ਲਛਮਣ ਸਿੰਘ ਧਾਰੋਵਾਲੀ ਦੀ ਅਗਵਾਈ ਵਿੱਚ ਨਨਕਾਣਾ ਸਾਹਿਬ ਪਹੁੰਚੇ ਸਿੰਘਾਂ ਦੇ 150 ਮੈਂਬਰਾਂ ਦੇ ਜੱਥੇ 'ਤੇ ਨਰੈਣੂ ਮਹੰਤ ਵੱਲੋਂ ਬੁਲਾਏ ਗਏ ਗੁੰਡਿਆਂ ਵੱਲੋਂ ਖ਼ੂੰਨੀ ਹਮਲਾ ਕੀਤਾ ਗਿਆ, ਉਨ੍ਹਾਂ ਨੂੰ ਬੰਦੂਕਾਂ ਦੀਆਂ ਗੋਲੀਆਂ ਅਤੇ ਤਲਵਾਰਾਂ ਬੜੀ ਬੁਰੀ ਤਰ੍ਹਾਂ ਮਾ-ਰਿਆ ਗਿਆ ਅਤੇ ਟਕੂਇਆਂ ਤੇ ਟੋਕਿਆਂ ਨਾਲ ਵੱਢਿਆ-ਟੁੱਕਿਆ ਸੀ। ਗੁਰੂ ਗ੍ਰੰਥ ਸਾਹਿਬ ਦੀ ਤਾਬਿਆ 'ਤੇ ਬੈਠੇ ਗ੍ਰੰਥੀ ਸਿੰਘ ਨੂੰ ਵੀ ਓਥੇ ਹੀ ਸ਼ਹੀਦ ਕਰ ਦਿੱਤਾ ਗਿਆ ਸੀ। ਇਤਿਹਾਸ ਵਿੱਚ ਆਉਂਦਾ ਹੈ ਕਿ ਲਛਮਣ ਸਿੰਘ ਧਾਰੋਵਾਲੀ ਅਤੇ ਉਸ ਦੇ ਕਈ ਸਾਥੀਆਂ ਨੂੰ ਇਸ ਜੰਡ ਨਾਲ ਪੁੱਠਾ ਟੰਗ ਕੇ ਉੱਪਰ ਮਿੱਟੀ ਦਾ ਤੇਲ ਪਾ ਕੇ ਜਿਉਂਦਾ ਸਾੜ ਦਿੱਤਾ ਗਿਆ। ਇੱਥੋਂ ਤੱਕ ਕਿ ਜੱਥੇ ਵਿੱਚ ਸ਼ਾਮਲ ਨੌਂ ਸਾਲ ਦੇ ਇੱਕ ਬੱਚੇ ਨੂੰ ਵੀ ਨਹੀਂ ਸੀ ਬਖ਼ਸ਼ਿਆ ਗਿਆ। ਉਸ ਦਰਦ-ਨਾਕ ਸੀਨ ਨੂੰ ਯਾਦ ਕਰਦਿਆਂ ਸਾਡੀਆਂ ਅੱਖਾਂ ਨਮ ਹੋ ਗਈਆਂ।

ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਇੱਥੇ ਪਿਛਲੇ ਤਿੰਨ ਦਿਨਾਂ ਤੋਂ ਸ਼ਹੀਦੀ ਸਮਾਗ਼ਮ ਚੱਲ ਰਿਹਾ ਸੀ ਅਤੇ ਉਸ ਦਿਨ ਇਸ ਦਾ ਆਖ਼ਰੀ ਦਿਨ ਸੀ ਜਿਸ ਦੀ ਕੱਵਰੇਜ ਕਰਨ ਲਈ ਵੱਖ-ਵੱਖ ਟੀ।ਵੀ। ਚੈਨਲਾਂ ਦੇ ਕਈ ਨੁਮਾਇੰਦੇ ਆਏ ਹੋਏ ਸਨ। ਉਨ੍ਹਾਂ ਵਿੱਚੋਂ ਕਈਆਂ ਨੇ ਆਪਣੇ ਚੈਨਲਾਂ ਲਈ ਇਸ ਇਤਿਹਾਸਕ ਜੰਡ ਦੇ ਸਾਹਮਣੇ ਸਾਡੀ ਪਾਕਿਸਤਾਨ ਯਾਤਰਾ ਅਤੇ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਮਹਾਨ ਕੁਰਬਾਨੀ ਬਾਰੇ ਸਾਡੇ ਨਾਲ ਵੀ ਗੱਲਬਾਤ ਰਿਕਾਰਡ ਕੀਤੀ। ਚੱਲ ਰਹੇ ਸ਼ਹੀਦੀ ਸਮਾਗ਼ਮ ਕਰਕੇ ਗੁਰਦੁਆਰਾ ਸਾਹਿਬ ਵਿੱਚ ਉਸ ਦਿਨ ਕਾਫੀ ਰੌਣਕ ਸੀ। ਸਥਾਨਕ ਸੰਗਤ ਤੋਂ ਇਲਾਵਾ ਇੰਗਲੈਂਡ ਤੋਂ ਇੱਕ ਯਾਤਰੀ ਜੱਥਾ ਵੀ ਆਇਆ ਹੋਇਆ ਸੀ ਜਿਸ ਵਿੱਚ 50 ਦੇ ਕਰੀਬ ਮੈਂਬਰ ਸ਼ਾਮਲ ਸਨ।

## ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿੱਚ ਸਮਾਗ਼ਮ

ਇਸ ਇਤਿਹਾਸਕ ਜੰਡ ਦੇ ਉੱਤਰ ਪਾਸੇ ਦੀਵਾਨ ਹਾਲ ਵਿੱਚ ਪਿਛਲੇ ਦੋ ਦਿਨਾਂ ਤੋਂ ਚੱਲ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦਾ ਭੋਗ ਪੈਣ ਤੋਂ ਬਾਅਦ ਦੀਵਾਨ ਸਜਿਆ ਹੋਇਆ ਸੀ ਜਿਸ ਵਿਚ ਗੁਰਬਾਣੀ ਦਾ ਕੀਰਤਨ ਚੱਲ ਰਿਹਾ ਸੀ ਅਤੇ ਥੋੜ੍ਹੀ ਹੀ ਦੇਰ ਬਾਅਦ ਉੱਥੇ ਤਕਰੀਰਾਂ ਦਾ ਸਿਲਸਿਲਾ ਆਰੰਭ ਹੋ ਗਿਆ। ਆਪਣੇ ਸੰਬੋਧਨ ਦੌਰਾਨ ਪਾਕਿਸਤਾਨ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ। ਸਤਵੰਤ ਸਿੰਘ ਨੇ ਜਿੱਥੇ ਗੁਰ-ਦੁਆਰਾ ਸਾਹਿਬਾਨ ਦੀ ਸਾਂਭ-ਸੰਭਾਲ ਲਈ ਪਾਕਿਸਤਾਨ ਸਰਕਾਰ ਵੱਲੋਂ ਮਿਲ ਰਹੇ ਸਹਿਯੋਗ ਦਾ ਬਾਖ਼ੂਬੀ ਜ਼ਿਕਰ ਕੀਤਾ, ਉੱਥੇ ਉਨ੍ਹਾਂ ਨੇ ਸਮੁੱਚੇ ਜਗਤ ਦੇ ਸਿੱਖਾਂ ਨੂੰ ਇਕੱਠੇ ਹੋ ਕੇ ਆਪਣੀ ਆਵਾਜ਼ ਬੁਲੰਦ ਕਰਨ ਅਤੇ 'ਆਪਣਾ ਦੇਸ਼' ਬਨਾਉਣ ਦੀ ਵੀ ਗੱਲ ਕੀਤੀ। ਇੰਗਲੈਂਡ ਤੋਂ ਆਏ ਹੋਏ ਜੱਥੇ ਦੇ ਮੁਖੀ ਦੀ ਤਕਰੀਰ ਵੀ ਕੁਝ ਏਸੇ ਕਿਸਮ ਦੀ ਹੀ ਸੀ ਜਿਸ ਵਿੱਚ ਖਾਲਿਸਤਾਨ ਦੀ ਮੰਗ ਦਾ ਜ਼ਿਕਰ ਓਸੇ ਤਰ੍ਹਾਂ ਦੇ ਅਸਿੱਧੇ ਲਫ਼ਜ਼ਾਂ ਵਿੱਚ ਸੀ।

ਬੁਲਾਰਿਆਂ ਵੱਲੋਂ ਤਕਰੀਰ ਦਾ ਆਰੰਭ ਆਮ ਤੌਰ 'ਤੇ ਗੁਰਬਾਣੀ ਦੀ ਕਿਸੇ ਤੁਕ ਨਾਲ ਹੁੰਦਾ ਅਤੇ ਉਨ੍ਹਾਂ ਵੱਲੋਂ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਜਾਂਦੀ ਸੀ ਪਰ ਅੱਗੇ ਜਾ ਕੇ ਕਈ ਬੁਲਾਰੇ ਭਾਰਤ ਸਰਕਾਰ ਦੇ ਸਿੱਖਾਂ ਪ੍ਰਤੀ ਭੇਦ-ਭਾਵ ਵਾਲੇ ਰਵੱਈਏ ਅਤੇ ਉਨ੍ਹਾਂ ਉੱਪਰ ਹੋ ਰਹੇ ਤਸ਼ੱਦਦ ਦੀ ਗੱਲ ਛੇੜ ਲੈਂਦੇ ਸਨ। ਉੱਥੇ ਸਾਨੂੰ ਪਤਾ ਲੱਗਿਆ ਕਿ ਇਨ੍ਹਾਂ ਬੁਲਾਰਿਆ ਵਿੱਚ ਗੋਪਾਲ ਸਿੰਘ ਚਾਵਲਾ ਵੀ ਸ਼ਾਮਲ ਸੀ ਜੋ ਪਿਛਲੇ ਕਈ ਸਾਲਾਂ ਤੋਂ ਆਪਣੇ ਕੁੱਝ ਸਾਥੀਆਂ ਨਾਲ ਇੱਥੇ ਰਹਿ ਰਿਹਾ ਸੀ। ਉਹ ਸਾਡੇ ਉੱਥੇ ਜਾਣ ਤੋਂ ਪਹਿਲਾਂ ਬੋਲ ਚੁੱਕਾ ਸੀ। ਇਨ੍ਹਾਂ ਭਾਸ਼ਨਾਂ ਦੌਰਾਨ ਦੀਵਾਨ ਹਾਲ ਵਿੱਚ "ਖਾਲਿਸਤਾਨ ਜ਼ਿੰਦਾਬਾਦ" ਦੇ ਕੁੱਝ ਨਾਅਰੇ ਵੀ ਸੁਣਾਈ ਦਿੱਤੇ।

## ਗੁਰਦੁਆਰਾ ਤੰਬੂ ਸਾਹਿਬ ਦੇ ਦਰਸ਼ਨ

ਇੱਥੇ ਕੁਝ ਸਮਾਂ ਗੁਜ਼ਾਰਨ ਬਾਅਦ ਅਸੀਂ ਗੁਰਦੁਆਰਾ ਤੰਬੂ ਸਾਹਿਬ ਵੱਲ ਚੱਲ ਪਏ। ਉੱਥੇ ਉਸ ਸਮੇਂ ਨਵੇਂ ਬਣ ਰਹੇ ਗੁਰਦੁਆਰੇ ਦੀ ਉਸਾਰੀ ਚੱਲ ਰਹੀ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਲਾਗਲੀ ਇੱਕ ਇਮਾਰਤ ਵਿੱਚ ਕੀਤਾ ਹੋਇਆ ਸੀ। ਇਹ ਗੁਰਦੁ-ਆਰਾ ਸਾਹਿਬ ਬੜੀ ਖੁੱਲ੍ਹੀ ਜਗ੍ਹਾ ਵਿੱਚ ਹੈ। ਯਾਤਰੀਆਂ ਲਈ ਇੱਥੇ ਕਈ ਸਰਾਵਾਂ ਬਣੀਆਂ ਹੋਈਆਂ ਹਨ। ਇੱਕ ਪਾਸੇ ਟ੍ਰੈਕਟਰ ਨਾਲ ਵੇਲਣਾ ਚੱਲ ਰਿਹਾ ਸੀ ਅਤੇ ਨਾਲ ਹੀ ਤਪ ਰਹੇ ਚੁੰਭੇ ਵਿੱਚ ਤਿਆਰ ਕੀਤੇ ਜਾ ਰਹੇ ਗੁੜ ਦੀ ਮਿੱਠੀ-ਮਿੱਠੀ ਖੁਸ਼ਬੋ ਆ ਰਹੀ ਸੀ। ਬੜੇ ਹੀ ਸਾਲਾਂ ਬਾਅਦ ਇਸ ਤਰ੍ਹਾਂ ਗੁੜ ਬਣਦਾ ਵੇਖਿਆ ਸੀ। ਚੱਲ ਰਹੀ ਪੱਤ ਕੜਾਹੇ ਵਿੱਚ ਉਬਾਲੇ ਮਾਰ ਰਹੀ ਸੀ। ਇਸ ਤੋਂ ਪਹਿਲੀ ਬਣੀ ਪੱਤ ਵਿੱਚੋਂ ਤਿਆਰ ਹੋਈ ਗੁੜ ਦੀ ਇੱਕ ਪੇਸੀ ਭੰਨ ਕੇ ਸੇਵਾਦਾਰ ਨੇ ਸਾਨੂੰ ਪ੍ਰਸ਼ਾਦ ਵਜੋਂ ਦਿੱਤੀ ਅਤੇ ਨਾਲ ਲਿਜਾਣ ਲਈ ਵੀ ਦੋ ਪੇਸੀਆਂ ਇੱਕ ਲਿਫਾਫੇ ਵਿੱਚ ਪਾ ਦਿੱਤੀਆਂ। ਜਦੋਂ ਇਸ ਦੇ ਅਸੀਂ ਕੁਝ ਪੈਸੇ ਦੇਣੇ ਚਾਹੇ ਤਾਂ ਉੱਥੇ ਮੌਜੂਦ ਮੁਸਲਿਮ ਸੇਵਾਦਾਰਾਂ ਦਾ ਕਹਿਣਾ ਸੀ ਕਿ ਇਹ ਸੰਗਤਾਂ ਲਈ ਪ੍ਰਸ਼ਾਦ ਹੈ ਅਤੇ ਪ੍ਰਸ਼ਾਦ ਦੇ ਪੈਸੇ ਨਹੀਂ ਲਏ ਜਾਂਦੇ। ਫਿਰ ਵੀ ਚੁੰਭੇ ਵਿੱਚ ਅੱਗ ਡਾਹੁਣ ਵਾਲੇ ਸੇਵਾਦਾਰ ਨੂੰ ਅਸੀਂ ਸੌ ਰੁਪਏ ਦਾ ਨੋਟ ਇਨਾਮ ਵਜੋਂ ਦਿੱਤਾ ਅਤੇ ਅੱਗੇ ਉਹ ਇਤਿਹਾਸਕ ਵਣ ਵੇਖਣ ਲਈ ਚੱਲ ਪਏ ਜਿਸ ਦੇ ਹੇਠਾਂ ਗੁਰੂ ਨਾਨਕ ਦੇਵ ਜੀ 'ਚੂਹੜਕਾਣਾ ਮੰਡੀ' (ਹੁਣ ਫ਼ਰੂਕਾਬਾਦ) ਵਿੱਚ 'ਸੱਚਾ ਸੌਦਾ' ਕਰਨ ਤੋਂ ਬਾਅਦ ਆਪਣੇ ਬਾਪ ਤੋਂ ਮਿਲਣ ਵਾਲੀਆਂ ਝਿੜਕਾਂ ਤੋਂ ਡਰਦਿਆਂ ਇਸ ਦੇ ਹੇਠਾਂ ਆ ਬੈਠੇ ਸਨ। ਭਾਈ ਮਰਦਾਨਾ ਜੀ ਜਦੋਂ ਇਕੱਲੇ ਹੀ ਘਰ ਪਹੁੰਚੇ ਤਾਂ ਗੁਰੂ ਨਾਨਕ ਦੇਵ ਜੀ ਦੇ ਮਾਪਿਆਂ ਨੇ ਉਨ੍ਹਾਂ ਕੋਲੋਂ ਆਪਣੇ ਪੁੱਤਰ ਬਾਰੇ ਪੁੱਛਿਆ ਕਿ ਉਹ ਕਿੱਥੇ ਹੈ ਤਾਂ ਭਾਈ ਮਰਦਾਨਾ ਜੀ ਉਨ੍ਹਾਂ ਨੂੰ ਇੱਥੇ ਇਸ ਵਣ ਕੋਲ ਆਏ ਅਤੇ ਆਪਣੇ ਪੁੱਤਰ ਨੂੰ ਆਪਣੇ ਨਾਲ ਘਰ ਲੈ ਕੇ ਗਏ। ਇਹ ਵਣ ਅਜੇ ਵੀ ਹਰੀ ਕਾਇਮ ਹੈ ਅਤੇ ਕਈ ਮਰਲੇ ਥਾਂ ਵਿੱਚ ਫੈਲਿਆ ਹੋਇਆ ਹੈ। ਇਸ ਦੇ ਸਾਹਮਣੇ ਖਲੋ ਕੇ ਅਸੀਂ ਕੁਝ ਤਸਵੀਰਾਂ ਲਈਆਂ ਅਤੇ ਅੱਗੋਂ ਹੋਰ ਗੁਰਦੁਆਰੇ ਵੇਖਣ ਲਈ ਚੱਲ ਪਏ ਜਿਨ੍ਹਾਂ ਵਿੱਚ ਗੁਰਦੁਆਰਾ ਬਾਲ ਲੀਲ੍ਹਾ ਅਤੇ ਗੁਰਦੁਆਰਾ ਪੱਟੀ ਸਾਹਿਬ, ਆਦਿ ਸ਼ਾਮਲ ਹਨ।

ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਕਈ ਹੋਰ ਗੁਰਦੁਆਰੇ ਵੀ ਇੱਥੇ ਮੌਜੂਦ ਹਨ ਪਰ ਉੱਥੇ ਜਾਣ ਲਈ ਸਾਡੇ ਕੋਲ ਸਮਾਂ ਨਹੀਂ ਸੀ, ਕਿਉਂਕਿ ਅਸੀਂ ਉਸ ਦਿਨ ਸ਼ਾਮ ਨੂੰ ਤਿੰਨ ਵਜੇ ਪੰਜਾਬੀ ਪਰੈੱਸ ਲਾਹੌਰ ਵੱਲੋਂ ਕਰਵਾਏ ਜਾ ਰਹੇ ਅੰਤਰ-ਰਾਸ਼ਟਰੀ ਮਾਂ-ਬੋਲੀ ਦਿਵਸ ਸਬੰਧੀ ਕਰਵਾਏ ਜਾ ਰਹੇ ਸਮਾਗ਼ਮ ਵਿੱਚ ਜ਼ਰੂਰ ਸ਼ਾਮਲ ਹੋਣਾ ਸੀ। ਦੁਪਹਿਰ ਦਾ ਇਕ ਵੱਜ ਰਿਹਾ ਸੀ ਅਤੇ ਭੁੱਖ ਵੀ ਲੱਗ ਰਹੀ ਸੀ। ਗੁਰਦੁਆਰਾ ਜਨਮ ਅਸਥਾਨ ਦੇ ਦਰਸ਼ਨ ਕਰਨ ਸਮੇਂ ਉਦੋਂ ਅਜੇ ਭੁੱਖ ਨਹੀਂ ਸੀ। ਇਸ ਲਈ ਉੱਥੇ ਅਸੀਂ ਲੰਗਰ ਅਸਥਾਨ ਵੱਲ ਜਾਣਾ ਮੁਨਾਸਬ ਨਾ ਸਮਝਿਆ। ਲਾਹੌਰ ਨੂੰ ਜਾਣ ਵਾਲੇ ਮੋਟਰਵੇਅ 'ਤੇ ਪੈਣ ਤੋਂ ਪਹਿਲਾਂ ਸੜਕ ਕੰਢੇ 'ਇਕਬਾਲ ਰੈੱਸਟੋਰੈਂਟ' 'ਤੇ ਖਾਣਾ ਖਾਣ ਲਈ ਰੁਕੇ। ਸੁਆਦਲੀਆਂ ਸਬਜ਼ੀਆਂ ਤੇ ਦਾਲ਼ ਦੇ ਨਾਲ ਲੱਥਦੇ-ਲੱਥਦੇ ਗਰਮ ਤੰਦੂਰੀ ਫੁਲਕੇ ਛਕੇ ਅਤੇ ਮਿੰਟਾਂ ਵਿੱਚ ਹੀ ਡਰਾਈਵਰ ਸੁਹੇਲ ਨੇ ਗੱਡੀ ਲਾਹੌਰ ਜਾਣ ਵਾਲੇ ਮੋਟਰਵੇਅ 'ਤੇ ਜਾ ਚਾੜ੍ਹੀ।

## 'ਆਲਮੀ ਮਾਂ-ਬੋਲੀ ਦਿਵਸ' ਵਿੱਚ ਕੀਤੀ ਸ਼ਮੂਲੀਅਤ

21 ਫ਼ਰਵਰੀ ਦਾ ਦਿਨ ਸਾਰੀ ਦੁਨੀਆਂ ਵਿੱਚ 'ਅੰਤਰ-ਰਾਸ਼ਟਰੀ ਮਾਂ-ਬੋਲੀ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਇਹ 21 ਫ਼ਰਵਰੀ 1952 ਨੂੰ ਬੰਗਲਾ ਦੇਸ਼ (ਓਦੋਂ, ਪੂਰਬੀ ਪਾਕਿਸਤਾਨ) ਦੀ ਢਾਕਾ ਯੂਨੀਵਰਸਿਟੀ ਵਿੱਚ ਬੰਗਾਲੀਆਂ ਦੀ ਮਾਂ-ਬੋਲੀ 'ਬੰਗਲਾ' ਨੂੰ ਕੌਮੀ ਜ਼ਬਾਨ ਦਾ ਦਰਜਾ ਦਿਵਾਉਣ ਲਈ ਸੰਘਰਸ਼ ਕਰ ਰਹੇ ਪੰਜ ਵਿਦਿਆਰਥੀਆਂ ਅਬਦੁਸ ਸਲਾਮ, ਅਬੁਲ ਬਰਕਤ, ਰਫੀਕ ਉੱਦੀਨ ਅਹਿਮਦ, ਅਬਦਲ ਜਾਬਰ ਅਤੇ ਸ਼ਫਿਊਰ ਰਹਿਮਾਨ ਦੀ ਪੁਲੀਸ ਦੀਆਂ ਗੋਲ਼ੀਆਂ ਨਾਲ ਹੋਈ 'ਸ਼ਹਾਦਤ' ਦੀ ਯਾਦ ਵਿੱਚ ਅੰਤਰ-ਰਾਸ਼ਟਰੀ ਸੰਸਥਾ ਯੂਨੈਸਕੋ ਵੱਲੋਂ 1999 ਵਿਚ ਸਾਰੀ ਦੁਨੀਆਂ ਦੇ ਦੇਸ਼ਾਂ ਵਿੱਚ ਇਹ ਦਿਨ ਮਾਂ-ਬੋਲੀ ਦਿਵਸ ਵਜੋਂ ਮਨਾਉਣ ਦਾ ਫੈਸਲਾ ਕੀਤਾ ਗਿਆ ਸੀ।

ਲਾਹੌਰ ਵੱਸਦੇ ਪੰਜਾਬੀਆਂ ਵੱਲੋਂ ਇਹ ਦਿਨ ਪੰਜਾਬੀ ਬੋਲੀ ਨੂੰ ਸਰਕਾਰੀ ਤੌਰ 'ਤੇ ਲਾਗੂ ਕਰਵਾਉਣ ਲਈ 'ਪੰਜਾਬੀ ਪਰੈੱਸ ਲਾਹੌਰ' ਦੀ ਵਿਸ਼ਾਲ ਇਮਾਰਤ ਦੇ ਨੇੜਲੇ ਚੌਂਕ ਵਿੱਚ ਹਰ ਸਾਲ ਬੜੀ ਧੂੰਮ-ਧਾਮ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਪੰਜਾਬੀ ਦੇ ਮੁਦੱਈਆਂ ਵੱਲੋਂ ਉੱਥੇ ਇਕੱਠੇ ਹੋ ਕੇ ਪੰਜਾਬੀ ਦੇ ਹੱਕ ਵਿੱਚ ਧੜੱਲੇਦਾਰ ਭਾਸ਼ਨ ਕੀਤੇ ਜਾਂਦੇ ਹਨ ਅਤੇ ਇਨ੍ਹਾਂ ਵਿੱਚ ਪੰਜਾਬ ਸਰਕਾਰ ਤੋਂ ਪੰਜਾਬੀ ਨੂੰ ਸਰਕਾਰੀ ਜ਼ਬਾਨ ਵਜੋਂ ਮਾਨਤਾ ਦਿਵਾਉਣ ਲਈ ਜ਼ੋਰਦਾਰ ਮੰਗ ਕੀਤੀ ਜਾਂਦੀ ਹੈ। ਇਨ੍ਹਾਂ ਸਮਾਗਮਾਂ ਵਿੱਚ ਪੰਜਾਬੀ ਗਾਇਕਾਂ ਅਤੇ ਢੋਲੀਆਂ ਵੱਲੋਂ ਸਰੋਤਿਆਂ ਦਾ ਖ਼ੂਬ ਮਨੋਰੰਜਨ ਕੀਤਾ ਜਾਂਦਾ ਹੈ ਅਤੇ ਬਾਅਦ ਵਿੱਚ ਸਾਰੇ ਜਲੂਸ ਦੀ ਸ਼ਕਲ ਵਿੱਚ ਲਾਹੌਰ ਦੇ ਮੇਨ-ਬਾਜ਼ਾਰਾਂ ਵਿਚ ਪੰਜਾਬੀ ਬੋਲੀ ਨੂੰ ਸਰਕਾਰੀ ਬੋਲੀ ਵਜੋਂ ਮਾਨਤਾ ਦਿਵਾਉਣ ਅਤੇ ਸਕੂਲਾਂ ਵਿੱਚ ਇਸ ਨੂੰ ਪੜ੍ਹਾਉਣ ਦਾ ਪ੍ਰਬੰਧ ਕਰਨ ਲਈ ਨਾਅਰੇ ਲਾਉਂਦੇ ਹੋਏ ਆਪਣੀ ਆਵਾਜ਼ ਬੁਲੰਦ ਕਰਦੇ ਹਨ।

ਉਸ ਦਿਨ ਵੀ ਇਹ ਪ੍ਰੋਗਰਾਮ ਉੱਥੇ ਬਾਦ ਦੁਪਹਿਰ ਦੋ ਵਜੇ ਤੋਂ ਚੱਲ ਰਿਹਾ ਸੀ। ਨਨਕਾਣਾ ਸਾਹਿਬ ਤੋਂ ਲਾਹੌਰ ਵਾਪਸ ਆਉਂਦਿਆ ਸਾਨੂੰ ਸਾਢੇ ਤਿੰਨ ਵੱਜ ਗਏ। ਉਸ ਸਮੇਂ ਉੱਥੇ ਮੇਜ਼ ਜੋੜ ਕੇ ਬਣਾਈ ਗਈ ਸਟੇਜ 'ਤੇ ਪਹਿਲਵਾਨ ਅਸਗਰ ਤੇ ਉਸ ਦੇ ਦੋ ਸਾਥੀਆਂ ਨੇ ਪੰਜਾਬੀ ਗੀਤਾਂ ਦੀ ਛਹਿਬਰ ਲਾਈ ਹੋਈ ਸੀ। ਅਸਗਰ ਪਹਿਲਵਾਨ ਆਪਣਾ ਗੁਰਜ ਵੀ ਆਪਣੇ ਨਾਲ ਲਿਆਏ ਸਨ ਅਤੇ ਗਾਉਂਦੇ ਹੋਏ ਉਹ ਵਿਚ-ਵਿਚਾਲੇ ਉਸ ਨੂੰ ਵੀ ਆਪਣੇ ਸੱਜੇ ਹੱਥ ਵਿੱਚ ਫੜ੍ਹ ਕੇ ਖ਼ੂਬ ਹਿਲਾਉਂਦੇ ਤੇ ਘੁੰਮਾਉਂਦੇ ਸਨ। ਉਸ ਸਮੇਂ ਉਨ੍ਹਾਂ ਦਾ ਗੀਤ "ਆਓ ਸਾਰੇ ਬੋਲੀਏ ਪੰਜਾਬੀ ਤੇ ਲਿਖੀਏ ਪੰਜਾਬੀ" ਚੱਲ ਰਿਹਾ ਸੀ। ਪੂਰੇ ਜਲਾਲ ਵਿੱਚ ਗਾਉਂਦਿਆਂ ਹੋਇਆਂ ਉਨ੍ਹਾਂ ਮੈਨੂੰ ਵੀ ਆਪਣੇ ਨਾਲ ਸਟੇਜ 'ਤੇ ਬੁਲਾ ਲਿਆ ਅਤੇ ਆਪਣੇ ਸੁਰ ਨਾਲ ਸੁਰ ਮਿਲਾਉਣ ਲਈ ਕਿਹਾ। ਮੈਂ ਦੋ ਕੁ ਮਿੰਟ ਉਨ੍ਹਾਂ ਨਾਲ ਆਪਣੀ ਆਵਾਜ਼ ਮਿਲਾਈ ਅਤੇ ਫਿਰ ਉੱਥੇ ਇਕ-ੱਤਰ ਹੋਏ ਪੰਜਾਬੀਆਂ ਨੂੰ ਪੰਜਾਬੀ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਅਤੇ ਦੋ-ਚਾਰ ਮਿੰਟ ਪੰਜਾਬ ਸਰਕਾਰ ਨੂੰ ਪੰਜਾਬੀ ਬੋਲੀ ਨੂੰ ਉਸ ਦਾ ਬਣਦਾ ਰੁਤਬਾ ਦੇਣ ਦੀ ਗੱਲ ਵੀ ਕੀਤੀ।

ਬਾਬਾ ਨਜਮੀ ਜੀ ਨੇ ਬੜੇ ਦੰਮਦਾਰ ਸ਼ਬਦਾਂ ਵਿੱਚ ਪੰਜਾਬੀ ਦੇ ਹੱਕ ਵਿਚ ਬੜੇ ਜੋਸ਼ ਨਾਲ ਆਵਾਜ਼ ਬੁਲੰਦ ਕੀਤੀ ਅਤੇ ਪੰਜਾਬੀ ਮਾਂ-ਬੋਲੀ ਬਾਰੇ ਆਪਣੀ ਹਰਮਨ-ਪਿਆਰੀ ਕਵਿਤਾ :

*"ਅੱਖਰਾਂ ਵਿੱਚ ਸਮੁੰਦਰ ਰੱਖਾਂ,*
*ਮੈਂ ਇਕਬਾਲ ਪੰਜਾਬੀ ਦਾ,*
*ਝੱਖੜਾਂ ਦੇ ਵਿੱਚ ਰੱਖ ਦਿੱਤਾ ਏ,*
*ਦੀਵਾ ਬਾਲ ਪੰਜਾਬੀ ਦਾ।*

*ਲੋਕੀਂ ਮੰਗ ਮੰਗਾ ਕੇ ਆਪਣਾ,*
*ਬੋਹ਼ਲ ਬਣਾ ਕੇ ਬਹਿ ਗਏ ਨੇ,*
*ਅਸਾਂ ਤਾਂ ਮਿੱਟੀ ਕਰ ਦਿੱਤਾ ਏ,*
*ਸੋਨਾ ਗਾਲ਼ ਪੰਜਾਬੀ ਦਾ।"*

ਦੇ ਬੋਲ ਉੱਥੇ ਹਾਜ਼ਰ ਪੰਜਾਬੀਆਂ ਨਾਲ ਸਾਂਝੇ ਕੀਤੇ। ਇਸ ਦੇ ਨਾਲ ਹੀ ਜਦੋਂ ਉਰਦੂ ਜ਼ਬਾਨ ਨਾਲ ਪੰਜਾਬੀ ਦਾ ਮੁਕਾਬਲਾ ਕਰਦਿਆਂ ਹੋਇਆ ਉਨ੍ਹਾਂ ਇਸ ਦਾ ਅਗਲਾ ਮਿਸਰਾ ਪੇਸ਼ ਕੀਤਾ:

*"ਜਿਹੜੇ ਕਹਿੰਦੇ ਵਿਚ ਪੰਜਾਬੀ*
*ਵੁਹਸਤ ਨਹੀਂ, ਨਜ਼ਾਕਤ ਨਹੀਂ,*
*ਉਹ ਪੜ੍ਹ ਕੇ ਵੇਖਣ ਨਾਨਕ,*
*ਬੁੱਲ੍ਹਾ, ਬਾਹੂ, ਲਾਲ ਪੰਜਾਬੀ*
*ਦਾ।"*

ਤਾਂ ਉੱਥੇ ਮੌਜੂਦ ਸਾਰੇ ਸਰੋਤੇ ਅਸ਼-ਅਸ਼ ਕਰ ਉੱਠੇ।

ਇੱਥੇ ਪੰਜਾਬੀ ਟੀ.ਵੀ. ਚੈਨਲਾਂ ਵਾਲੇ ਕਾਫੀ ਸੱਜਣ ਆਏ ਹੋਏ ਸਨ ਅਤੇ ਉਹ ਆਪਣੇ ਚੈਨਲਾਂ ਲਈ ਪੰਜਾਬੀ ਬੋਲੀ ਸਬੰਧੀ ਲੋਕਾਂ ਦਾ ਵਿਚਾਰ ਰਿਕਾਰਡ ਕਰ ਰਹੇ ਸਨ। ਤਿੰਨ-ਚਾਰ ਚੈਨਲਾਂ ਵਾਲਿਆ ਨੇ ਆਪਣੇ ਮਾਈਕ ਸਾਡੇ ਅੱਗੇ ਵੀ ਕਰ ਦਿੱਤੇ ਅਤੇ ਸਾਨੂੰ ਆਪਣੇ ਵਿਚਾਰ ਦੱਸਣ ਲਈ ਕਿਹਾ। ਆਪਣੇ ਵਿਚਾਰ ਪ੍ਰਗਟ ਕਰਦਿਆਂ ਹੋਇਆਂ ਲਹਿੰਦੇ ਪੰਜਾਬ ਵਿੱਚ ਪੰਜਾਬੀ ਇਸ ਨੂੰ ਬਣਦਾ ਸਥਾਨ ਦੇਣ ਅਤੇ ਸਕੂਲੀ ਪੱਧਰ 'ਤੇ ਇਸ ਨੂੰ ਪੜ੍ਹਾਉਣ ਲਈ ਜ਼ੋਰ ਦੇਣ ਵਿੱਚ ਅਸੀਂ ਵੀ ਆਪਣਾ ਯੋਗਦਾਨ ਪਾਇਆ। ਕਈ ਨੌਜੁਆਨਾਂ ਨੇ ਸਾਡੇ ਨਾਲ ਖਲੋ ਕੇ ਫੋਟੋਆਂ ਖਿੱਚਵਾਈਆਂ। ਕਈ ਜੱਫੀਆਂ ਪਾ ਕੇ ਤੇ ਘੁੱਟ ਕੇ ਹੱਥ ਮਿਲਾ ਕੇ ਮਿਲੇ ਅਤੇ ਕਈਆਂ ਦੀਆਂ ਸੱਧਰਾਂ ਅਧੂਰੀਆਂ ਵੀ ਰਹਿ ਗਈਆਂ। ਬੜੀ ਹੀ ਮੁਸ਼ਕਲ ਨਾਲ ਅਸੀਂ ਉੱਥੋਂ ਲੋਕਾਂ ਕੋਲੋਂ ਵਿਦਾਇਗੀ ਲਈ।

ਇੱਥੋਂ ਵਿਹਲੇ ਹੋ ਕੇ ਅਸੀਂ ਆਰਟ ਸੈਂਟਰ ਅਤੇ ਮਿਉਜ਼ੀਅਮ ਵੇਖਣ ਚਲੇ ਗਏ। ਉੱਥੇ ਪਹੁੰਚੇ ਹੋਏ ਕਈ ਪੰਜਾਬੀ ਲੇਖਕ ਪਹਿਲਾਂ ਹੀ ਸਾਡਾ ਇੰਤਜ਼ਾਰ ਕਰ ਰਹੇ ਸਨ। ਇਨ੍ਹਾਂ ਵਿੱਚ 'ਖੋਜਗੜ੍ਹ' ਵਾਲੇ ਖੋਜੀ ਇਕਬਾਲ ਕੇਸਰ, ਅਬਦੁਲ ਮਜੀਦ ਰਾਣਾ, ਅਫ਼ਜ਼ਲ ਸਾਹਿਰ, ਸ਼ਾਕਰ ਅਲੀ, ਅੰਜਮ ਗਿੱਲ, ਤਾਰਿਕ ਜਟਾਲਾ ਅਤੇ ਕਈ ਹੋਰ ਸ਼ਾਮਲ ਸਨ। ਦੋ-ਤਿੰਨ ਕਿਸਮ ਦੇ ਬਿਸਕੁਟਾਂ ਦੇ ਨਾਲ ਚਾਹ ਦੀਆਂ ਚੁਸਕੀਆਂ ਲੈਂਦਿਆਂ ਸਾਰਿਆਂ ਨੇ ਖ਼ੂਬ ਗੱਲਾਂ-ਬਾਤਾਂ ਸਾਂਝੀਆਂ ਕੀਤੀਆਂ। ਕਈਆਂ ਨੇ ਲਹਿੰਦੇ ਪੰਜਾਬੀ ਦੀ ਸਾਡੀ ਚੱਲ ਰਹੀ ਇਸ ਫੇਰੀ ਬਾਰੇ ਵੀ ਜਾਨਣਾ ਚਾਹਿਆ ਅਤੇ ਸਾਡੇ ਕੋਲੋਂ ਇਸ ਦਾ ਸੰਖੇਪ ਜ਼ਿਕਰ ਸੁਣ ਕੇ ਉਹ ਬਹੁਤ ਖੁਸ਼ ਹੋਏ। ਦੋਸਤਾਂ-ਮਿੱਤਰਾਂ ਨਾਲ ਮਿਲ ਕੇ ਇਸ ਤਰ੍ਹਾਂ ਚਾਹ ਪੀਣ ਦਾ ਆਪਣਾ ਹੀ ਮਜ਼ਾ ਸੀ। ਟਾਈਮ ਦਾ ਪਤਾ ਹੀ ਲੱਗਿਆ ਕਦੋਂ ਰਾਤ ਦੇ ਅੱਠ ਵੱਜ ਗਏ। ਸਾਰੇ ਸੱਜਣਾਂ ਕੋਲੋਂ ਰੁਖ਼ਸਤਗੀ ਲਈ। ਰਸਤੇ ਵਿੱਚ ਇੱਕ ਰੈਸਟੋਰੈਂਟ 'ਤੇ ਡਿਨਰ ਕੀਤਾ ਏ ਅਤੇ ਰਾਤ ਦੇ ਨੌਂ ਕੁ ਵਜੇ ਵਾਪਸ ਹੋਟਲ ਪਹੁੰਚੇ।

*-ਡਾ. ਸੁਖਦੇਵ ਸਿੰਘ ਝੰਡ*
*ਫੋਨ: +91 97798 80184*






# ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅੰਤਿਮ ਅਰਦਾਸ ਵਿਚ ਸ਼ਾਮਿਲ ਹੋਣ ਲਈ ਪਿੰਡ ਬਾਦਲ ਵਿਚ ਜਨ ਸੈਲਾਬ ਉਮੜਿਆ

## ਸੁਖਬੀਰ ਸਿੰਘ ਬਾਦਲ ਨੇ ਪਿਤਾ ਦੀ ਵਿਰਾਸਤ ਸੰਭਾਲੀ, ਕਿਹਾ ਕਿ ਆਪਣੇ ਪਿਤਾ ਦੀਆਂ ਕਦਰਾਂ ਕੀਮਤਾਂ ਨੂੰ ਬੁਲੰਦ ਰੱਖਣ ਲਈ ਕੰਮ ਕਰਨਗੇ, ਜਾਣੇ ਅਣਜਾਣੇ ਵਿਚ ਹੋਈਆਂ ਭੁੱਲਾਂ ਲਈ ਖਿਮਾ ਮੰਗੀ





### ਅਮਿਤ ਸ਼ਾਹ ਨੇ ਬਾਦਲ ਸਾਹਿਬ ਨੂੰ ਅਸਲ ਦੇਸ਼ ਭਗਤ ਦੱਸਿਆ



ਬਾਦਲ (ਸ੍ਰੀ ਮੁਕਤਸਰ ਸਾਹਿਬ), 4 ਮਈ (ਗਿਆਨ ਸਿੰਘ): ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅੰਤਿਮ ਅਰਦਾਸ ਵਿਚ ਅੱਜ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਪਿੰਡ ਬਾਦਲ ਵਿਚ ਜਨ ਸੈਲਾਬ ਉਮੜ ਪਿਆ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਲੋਕਾਂ ਦੇ ਦਿਲਾਂ ਤੱਕ ਪਹੁੰਚਦਿਆਂ ਸਿੱਖ ਕੌਮ ਤੋਂ ਬੀਤੇ ਸਮੇਂ ਵਿਚ ਜਾਣੇ ਅਣਜਾਣੇ ਹੋਈਆਂ ਗਲਤੀਆਂ ਦੀ ਖਿਮਾ ਮੰਗੀ।

ਭੋਗ 'ਤੇ ਡੂੰਘੇ ਦੁੱਖ ਵਿਚ ਡੁੱਬੇ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਬੇਹੱਦ ਨਿਮਰਤਾ ਵਿਖਾਈ ਤੇ ਕਿਹਾ ਕਿ ਮੇਰੇ ਤੇ ਮੇਰੇ ਪਰਿਵਾਰ ਕੋਲ ਪੰਥ ਤੇ ਦੁਨੀਆਂ ਭਰ ਵਿਚ ਵਸਦੇ ਪੰਜਾਬੀਆਂ ਦਾ ਧੰਨਵਾਦ ਕਰਨ ਲਈ ਸ਼ਬਦ ਨਹੀਂ ਹਨ ਤੇ ਅਸੀਂ ਇਹਨਾਂ ਔਖੇ ਦਿਨਾਂ ਵਿਚ ਵਿਖਾਏ ਪਿਆਰ ਤੇ ਸਤਿਕਾਰ ਲਈ ਪੂਰੀ ਨਿਮਰਤਾ ਨਾਲ ਸਭ ਦੇ ਧੰਨਵਾਦੀ ਰਹਾਂਗੇ। ਸੰਗਤ ਨਾਲ ਇਹ ਪਵਿੱਤਰ ਰਿਸ਼ਤਾ ਉਹਨਾਂ ਨੂੰ ਇਹ ਕਹਿਣ ਲਈ ਮਜਬੂਰ ਕਰ ਰਿਹਾ ਹੈ ਕਿ ਬੀਤੇ ਸਮੇਂ ਵਿਚ ਮੇਰੇ ਕੋਲੋਂ, ਮੇਰੀ ਪਾਰਟੀ ਕੋਲੋਂ ਜਾਂ ਸਾਡੇ ਪਰਿਵਾਰ ਵਿਚ ਕਿਸੇ ਕੋਲੋਂ ਵੀ ਜਾਣੇ ਅਣਜਾਣੇ ਵਿਚ ਜੇਕਰ ਕੋਈ ਗਲਤੀ ਹੋਈ ਹੈ ਤਾਂ ਅਸੀਂ ਉਸ ਲਈ ਖਿਮਾ ਦੇ ਜਾਚਕ ਹਾਂ। ਸਾਡੇ ਲਈ ਸੰਗਤ ਹਮੇਸ਼ਾ ਸਰਵਉਚ ਰਹੀ ਹੈ ਤੇ ਹਮੇਸ਼ਾ ਰਹੇਗੀ ਤੇ ਅਸੀਂ ਹਮੇਸ਼ਾ ਸਾਡੇ ਮਹਾਨ ਗੁਰੂ ਸਾਹਿਬਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ਵਾਸ ਕੀਤਾ ਹੈ ਤੇ ਹਮੇਸ਼ਾ ਉਹਨਾਂ ਮੁਤਾਬਕ ਚਲਦੇ ਰਹਾਂਗੇ। ਸਰਦਾਰ ਬਾਦਲ ਨੇ ਜ਼ੋਰ ਦੇ ਕੇ ਕਿਹਾ ਕਿ ਉਹਨਾਂ ਨੂੰ ਦਿਨ ਰਾਤ ਆਪਣੇ ਪਿਤਾ ਦੀਆਂ ਕਦਰਾਂ ਕੀਮਤਾਂ ਨੂੰ ਬੁਲੰਦ ਰੱਖਣ ਵਾਸਤੇ ਕੰਮ ਕਰਨ ਦੀ ਲੋੜ ਹੈ ਅਤੇ ਉਹ ਅਜਿਹਾ ਯਤਨ ਕਰਦੇ ਰਹਿਣਗੇ।

ਅਕਾਲੀ ਦਲ ਦੇ ਪ੍ਰਧਾਨ ਆਪਣੇ ਭਾਸ਼ਣ ਵਿਚ ਕਈ ਵਾਰ ਭਾਵੁਕ ਹੋਏ ਤੇ ਪੀੜਾ ਵਿਚੋਂ ਉਭਰਨ ਦੇ ਯਤਨ ਵੀ ਕੀਤੇ। ਉਹਨਾਂ ਕਿਹਾ ਕਿ ਮੈਨੂੰ ਪਤਾ ਹੈ ਕਿ ਮੈਂ ਬਾਦਲ ਸਾਹਿਬ ਵਰਗਾ ਨਹੀਂ ਬਣ ਸਕਦਾ ਪਰ ਉਹ ਵਚਨ ਦਿੰਦੇ ਹਨ ਤੇ ਉਹ ਆਪਣੇ ਜੀਵਨ ਵਿਚ ਹਰ ਪਲ ਉਹਨਾਂ ਦੀ ਵਿਰਾਸਤ ਨੂੰ ਸੰਭਾਲ ਦੇ ਰੱਖਣ ਲਈ ਕੰਮ ਕਰਨਗੇ। ਸਿਆਸਤ ਵਿਚ ਆਦਰਸ਼ਾਂ ਤੇ ਧਰਮ ਦੀ ਗੱਲ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਆਪਣੇ ਭਾਸ਼ਣ ਵਿਚ ਵਾਰ ਵਾਰ ਖਾਲਸਾ ਪੰਥ, ਪੰਥਕ ਕਦਰਾਂ ਕੀਮਤਾਂ, ਪੰਜਾਬ, ਪੰਜਾਬੀਅਤ ਤੇ ਰਾਸ਼ਟਰਵਾਦ ਦੀ ਗੱਲ ਕੀਤੀ।



ਉਹਨਾਂ ਕਿਹਾ ਕਿ ਉਹ ਖਾਲਸਾ ਪੰਥ, ਪੰਜਾਬ ਅਤੇ ਦੇਸ਼ ਦੇ ਲੋਕਾਂ ਨੂੰ ਵਾਅਦਾ ਕਰਦੇ ਹਨ ਕਿ ਉਹ ਸਾਡੇ ਮਹਾਨ ਗੁਰੂਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਰਾਹੀਂ ਦਰਸਾਏ ਪਵਿੱਤਰ ਆਦਰਸ਼ਾਂ ਅਨੁਸਾਰ ਦਿਨ ਰਾਤ ਮਿਹਨਤ ਕਰਾਂਗਾ। ਉਹਨਾਂ ਕਿਹਾ ਕਿ ਸੇਵਾ ਤੋਂ ਲੈ ਕੇ ਅਧਿਆਤਮ ਧਰਮ ਨਿਰਪੱਖਤਾ ਜੋ ਸਰਬੱਤ ਦੇ ਭਲੇ ਵਿਚ ਹੈ, ਅਨੁਸਾਰ ਮੈਂ ਕੰਮ ਕਰਦਾ ਰਹਾਂਗਾ। ਉਹਨਾਂ ਕਿਹਾ ਕਿ ਪੰਜਾਬੀ ਹਮੇਸ਼ਾ ਸਰਦਾਰ ਬਾਦਲ ਦੇ ਦ੍ਰਿਸ਼ਟੀਕੋਣ 'ਤੇ ਮਾਣ ਮਹਿਸੂਸ ਕਰਦੇ ਹਨ ਤੇ ਉਹ ਵਿਸ਼ਵਾਸ ਦੁਆਉਂਦੇ ਹਨ ਮੈਂ ਉਹਨਾਂ ਦੇ ਇਸ ਮਾਣ ਨੂੰ ਕਮਜ਼ੋਰ ਨਹੀਂ ਪੈਣ ਦਿਆਂਗਾ।

ਪੰਜ ਵਾਰ ਦੇ ਮੁੱਖ ਮੰਤਰੀ ਰਹੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਵਾਸਤੇ ਅੱਜ ਜਨ ਸੈਲਾਬ ਉਮੜ ਪਿਆ। ਧਰਤੀ ਦੇ ਪੁੱਤਰ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਵਾਸਤੇ ਲੋਕ ਅਨੇਕਾਂ ਕਿਲੋਮੀਟਰ ਤੁਰ ਕੇ ਪਹੁੰਚੇ। ਸਾਬਕਾ ਮੁੱਖ ਮੰਤਰੀ ਲਈ ਪੰਜਾਬਰੀਆਂ ਦੇ ਦਿਲਾਂ ਵਿਚ ਜੋ ਪਿਆਰ ਸੀ, ਉਹ ਅੱਜ ਹਰ ਪਾਸੇ ਵੇਖਿਆ ਜਾ ਸਕਦਾ ਸੀ। ਸਮਾਜ ਦੇ ਹਰ ਵਰਗ ਤੇ ਹਰ ਧਰਮ ਦੇ ਲੋਕਾਂ ਨੇ ਅਕਾਲੀ ਦਲ ਦੇ ਸਰਪ੍ਰਸਤ ਵੱਲੋਂ ਸ਼ਾਂਤੀ, ਫਿਰਕੂ ਸਦਭਾਵਨਾ ਤੇ ਆਪਸੀ ਸਾਂਝ ਲਈ ਕੀਤੇ ਕੰਮ ਦੀ ਸ਼ਲਾਘਾ ਕੀਤੀ ਜੋ ਕਿ ਗੁਰੂ ਸਾਹਿਬਾਨ ਵੱਲੋਂ ਦਰਸਾਏ ਸਰਬੱਤ ਦੇ ਭਲੇ ਦੇ ਫਲਸਫੇ ਅਨੁਸਾਰ ਸਨ।

ਕੇਂਦਰੀ ਮੰਤਰੀ ਸ੍ਰੀ ਅਮਿਤ ਸ਼ਾਹ ਨੇ ਸਾਬਕਾ ਮੁੱਖ ਮੰਤਰੀ ਦੀ ਵਡਿਆਈ ਕਰਦਿਆਂ ਉਹਨਾਂ ਨੂੰ ਵੱਡੇ ਦਿਲ ਵਾਲਾ ਇਨਸਾਨ ਦੱਸਿਆ ਜੋ ਐਮਰਜੰਸੀ ਦੇ ਖਿਲਾਫ ਡਟੇ ਤੇ ਹਮੇਸ਼ਾ ਸਿਧਾਂਤਾਂ ਵਾਸਤੇ ਲੜੇ। ਸ੍ਰੀ ਸ਼ਾਹ ਨੇ ਕਿਹਾ ਕਿ ਸਰਦਾਰ ਬਾਦਲ ਦੇ ਦਹਾਕਿਆਂ ਦੇ ਸਿਆਸੀ ਜੀਵਨ ਦੌਰਾਨ ਉਹਨਾਂ ਨੇ ਆਪਣਾ ਜੀਵਨ ਕਿਸਾਨਾਂ ਤੇ ਗਰੀਬ ਦੀ ਭਲਾਈ ਵਾਸਤੇ ਲਗਾਇਆ ਤੇ ਉਹਨਾਂ ਦੇ ਅਕਾਲ ਚਲਾਣੇ ਨਾਲ ਸਿੱਖ ਪੰਥ ਤੇ ਦੇਸ਼ ਨੇ ਇਕ ਸੱਚਾ ਦੇਸ਼ ਭਗਤ ਗੁਆ ਲਿਆ ਹੈ। ਉਹਨਾਂ ਨੇ ਸਾਬਕਾ ਮੁੱਖ ਮੰਤਰੀ ਵੱਲੋਂ ਆਪਸੀ ਭਾਈਚਾਰਕ ਸਾਂਝ ਸਥਾਪਿਤ ਕਰਨ ਵਾਸਤੇ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਉਹਨਾਂ ਨੇ ਪਿੰਡ ਵਿਚ ਗੁਰਦੁਆਰਾ ਸਾਹਿਬ ਵੀ ਬਣਵਾਇਆ, ਮੰਦਿਰ ਵੀ ਤੇ ਮਸਜਿਦ ਵੀ ਬਣਵਾਈ। ਗ੍ਰਹਿ ਮੰਤਰੀ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਦੇ ਤੁਰ ਜਾਣ ਨਾਲ ਉਹਨਾਂ ਨੂੰ ਨਿੱਜੀ ਤੌਰ 'ਤੇ ਵੱਡਾ ਘਾਟਾ ਪਿਆ ਹੈ ਤੇ ਉਹਨਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਐਮ ਪੀ ਸਰਦਾਰਨੀ ਹਰਸਿਮਰਤ ਕੌਰ ਬਾਦਲ ਨਾਲ ਵੀ ਦੁੱਖ ਸਾਂਝਾ ਕੀਤਾ।

ਲੋਕ ਸਭਾ ਦੇ ਸਪੀਕਰ ਸ੍ਰੀ ਓਮ ਬਿਰਲਾ ਅਤੇ ਰਾਜਸਥਾਨ ਦੇ ਉਪ ਮੁੱਖ ਮੰਤਰੀ ਤੇ ਕਾਂਗਰਸੀ ਆਗੂ ਸ੍ਰੀ ਸਚਿਨ ਪਾਇਲਟ ਨੇ ਵੀ ਅਕਾਲੀ ਦਲ ਦੇ ਘਾਗ ਸਿਆਸਤਦਾਨ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਉਹਨਾਂ ਦੇ ਨਾਲ ਹੀ ਅਸਮ ਗਣ ਪ੍ਰੀਸ਼ਦ ਦੇ ਪ੍ਰਧਾਨ ਅਤੁਲ ਬੋਰਾ, ਇਨੈਲੋ ਦੇ ਪ੍ਰਧਾਨ ਸ੍ਰੀ ਓਮ ਪ੍ਰਕਾਸ਼ ਚੌਟਾਲਾ ਨੇ ਵੀ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਤੇ ਬਾਦਲ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਰਦਾਰ ਬਾਦਲ ਆਪਣੀ ਸਾਰੀ ਉਮਰ ਸੰਘੀ ਢਾਂਚੇ ਦੇ ਹਮਾਇਤ ਰਹੇ। ਉਹਨਾਂ ਕਿਹਾ ਕਿ ਬਾਦਲ ਸਾਹਿਬ ਹਮੇਸ਼ਾ ਮਜ਼ਬੂਤ ਰਾਜਾਂ ਵਿਚ ਵਿਸ਼ਵਾਸ ਕਰਦੇ ਸਨ ਤੇ ਆਖਦੇ ਸਨ ਕਿ ਮਜ਼ਬੂਤ ਰਾਜਾਂ ਦੇ ਕਾਰਨ ਹੀ ਦੇਸ਼ ਮਜ਼ਬੂਤ ਹੋ ਸਕਦਾ ਹੈ ਤੇ ਉਹ ਮਹਿਸੂਸ ਕਰਦੇ ਸਨ ਕਿ ਰਾਜਾਂ ਵਿਚ ਕੇਂਦਰ ਦੀ ਬੇਲੋੜੀ ਦਖਲਅੰਦਾਜ਼ੀ ਦੇਸ਼ ਨੂੰ ਕਮਜ਼ੋਰ ਕਰਦੀ ਹੈ। ਉਹਨਾਂ ਕਿਹਾ ਕਿ ਮਰਹੂਮ ਆਗੂ ਦਾ ਇਹ ਮਜ਼ਬੂਤ ਵਿਸ਼ਵਾਸ ਸੀ ਕਿ ਖੇਤਰੀ ਪਾਰਟੀਆਂ ਦੀ ਆਪਣੀ ਅਹਿਮੀਅਤ ਹੈ ਤੇ ਇਹੀ ਇਲਾਕੇ ਦੇ ਲੋਕਾਂ ਦੀਆਂ ਆਸਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਕਾਲੀ ਦਲ ਦੇ ਘਾਗ ਸਿਆਸਤਦਾਨ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਇਹ ਸਰਦਾਰ ਬਾਦਲ ਦੀ ਇੱਛਾ ਸੀ ਕਿ ਬੰਦੀ ਸਿੰਘਾਂ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਉਹਨਾਂ ਨੇ ਆਪਣੀ ਲੰਬੀ ਉਮਰ ਕੈਦ ਕੱਟ ਲਈ ਹੈ। ਉਹਨਾਂ ਨੇ ਇਸ ਸੰਬੰਧ ਵਿਚ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੂੰ ਇਕ ਮੰਗ ਪੱਤਰ ਵੀ ਸੌਂਪਿਆ ਜਿਸ ਵਿਚ ਭਾਈ ਬਲਵੰਤ ਸਿੰਘ ਰਾਜੋਆਣਾ ਸਮੇਤ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ ਗਈ ਤੇ ਦੱਸਿਆ ਗਿਆ ਕਿ ਕੇਂਦਰ ਸਰਕਾਰ ਨੇ 2019 ਵਿਚ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ 'ਤੇ ਅਜਿਹਾ ਸਿਧਾਂਤਕ ਫੈਸਲਾ ਵੀ ਲਿਆ ਸੀ।

ਸੀਨੀਅਰ ਅਕਾਲੀ ਆਗੂਆਂ ਨੇ ਸਰਦਾਰ ਬਾਦਲ ਦੇ ਮਿਸ਼ਨ ਅਤੇ ਉਹਨਾਂ ਵੱਲੋਂ ਭਵਿੱਖ ਲਈ ਤੈਅ ਟੀਚਿਆਂ ਤੇ ਆਦਰਸ਼ਾਂ ਨੂੰ ਪੂਰਾ ਕਰਨ ਵਾਸਤੇ ਏਕਤਾ ਦਾ ਸੱਦਾ ਦਿੱਤਾ। ਬਲਵਿੰਦਰ ਸਿੰਘ ਭੂੰਦੜ ਤੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਮਰਹੂਮ ਆਗੂ ਅਜੋਕੇ ਪੰਜਾਬ ਦੇ ਸੰਸਥਾਪਕ ਸਨ ਤੇ ਉਹਨਾਂ ਕਿਸਾਨਾਂ ਤੇ ਕਮਜ਼ੋਰ ਵਰਗਾਂ ਵਾਸਤੇ ਹਮੇਸ਼ਾ ਵੱਧ ਚੜ੍ਹ ਕੇ ਕੰਮ ਕੀਤਾ।

ਆਪਣੇ ਤਾਇਆ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਸੀਨੀਅਰ ਆਗੂ ਤੇ ਪਰਿਵਾਰਕ ਮੈਂਬਰ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਮਰਹੂਮ ਅਕਾਲੀ ਆਗੂ ਨੇ ਸਾਰੀ ਉਮਰ ਕਿਸਾਨਾਂ ਤੇ ਗਰੀਬਾਂ ਦੇ ਹੱਕਾਂ ਦੀ ਰਾਖੀ ਕੀਤੀ, ਆਪਸੀ ਭਾਈਚਾਰਕ ਸਾਂਝ ਤੇ ਰਾਸ਼ਟਰਵਾਦ ਦੀ ਗੱਲ ਕੀਤੀ। ਉਹਨਾਂ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਵੀ ਇਹ ਮਹਿਸੂਸ ਕਰ ਲਿਆ ਕਿ ਅਕਾਲੀ ਦਲ ਦੇ ਸਰਪ੍ਰਸਤ ਨੇ ਆਪਣੇ ਮੂਲ ਸਿਧਾਂਤਾਂ ਨਾਲ ਸਮਝੌਤਾ ਕਰਨ ਦੀ ਥਾਂ ਸੱਤਾ ਛੱਡਣ ਨੂੰ ਤਰਜੀਹ ਦਿੱਤੀ।

ਅਜੀਤ ਅਖਬਾਰ ਦੇ ਮੁੱਖ ਸੰਪਾਦਕ ਬਰਜਿੰਦਰ ਸਿੰਘ ਹਮਦਰਦ ਨੇ ਚੇਤੇ ਕੀਤਾ ਕਿ ਕਿਵੇਂ ਮਰਹੂਮ ਆਗੂ ਹਰੇਕ ਤੱਕ ਪਹੁੰਚ ਕਰਦੇ ਸਨ। ਉਹਨਾਂ ਨੇ ਇਹ ਵੀ ਦੱਸਿਆ ਕਿ ਕਿਵੇਂ ਸਾਬਕਾ ਮੁੱਖ ਮੰਤਰੀ ਨੇ ਤਤਕਾਲੀ ਪ੍ਰਧਾਨ ਮੰਤਰੀ ਸ੍ਰੀ ਆਈ ਕੇ ਗੁਜਰਾਲ ਨੂੰ ਸੂਬੇ ਸਿਰ ਅਤਿਵਾਦ ਸਿਰ ਚੜ੍ਹਿਆ 60 ਹਜ਼ਾਰ ਰੁਪਏ ਦਾ ਕਰਜ਼ਾ ਮੁਆਫ ਕਰਨ ਲਈ ਰਾਜ਼ੀ ਕੀਤਾ ਤੇ ਇਹ ਵੀ ਦੱਸਿਆ ਕਿ ਕਿਵੇਂ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਸਰਦਾਰ ਬਾਦਲ ਦੇ ਕਹਿਣ 'ਤੇ ਸ਼੍ਰੋਮਣੀ ਕਮੇਟੀ ਦੇ ਟੁਕੜੇ ਨਹੀਂ ਹੋਣ ਦਿੱਤੇ। ਪੰਜਾਬ ਬਹੁਜਨ ਸਮਾਜ ਪਾਰਟੀ ਦੇ ਪ੍ਰਧਾਨ ਜਸਬੀਰ ਸਿੰਘ ਗੜ੍ਹੀ ਨੇ ਅਕਾਲੀ ਦਲ ਦੇ ਸਰਪ੍ਰਸਤ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਤੇ ਉਹਨਾਂ ਨੂੰ ਪੰਜਾਬ ਤੇ ਪੰਜਾਬੀਅਤ ਦਾ ਮਸੀਹਾ ਕਰਾਰ ਦਿੱਤਾ। ਉਹਨਾਂ ਕਿਹਾ ਕਿ ਸਰਦਾਰ ਬਾਦਲ ਨੇ ਪੰਜਾਬ ਨਾਲ ਹੋਏ ਅਨਿਆਂ ਖਿਲਾਫ ਸੰਘਰਸ਼ ਕੀਤਾ ਭਾਵੇਂ ਉਹ ਪੰਜਾਬੀ ਬੋਲਦੇ ਇਲਾਕੇ ਸਨ, ਦਰਿਆਈ ਪਾਣੀ ਜਾਂ ਫਿਰ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਮਾਮਲਾ ਹੋਵੇ।

ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਅਕਾਲੀ ਦਲ ਦੇ ਸਰਪ੍ਰਸਤ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਕਿਹਾ ਕਿ ਉਹਨਾਂ ਨੇ ਪੰਜਾਬ ਵਿਚ ਫਿਰਕੂ ਸਦਭਾਵਨਾ ਤੇ ਆਪਸੀ ਭਾਈਚਾਰਾ ਕਾਇਮ ਕਰਨ ਵਿਚ ਸਭ ਤੋਂ ਵੱਡਾ ਰੋਲ ਨਿਭਾਇਆ। ਉਹਨਾਂ ਦੱਸਿਆ ਕਿ ਕਿਵੇਂ ਸਾਬਕਾ ਮੁੱਖ ਮੰਤਰੀ ਨੇ ਐਮਰਜੰਸੀ ਦਾ ਵਿਰੋਧ ਕਰਨ ਵਾਸਤੇ ਵਿਰੋਧੀ ਧਿਰ ਨੂੰ ਪ੍ਰੇਰਿਤ ਕੀਤਾ ਅਤੇ 1997 ਵਿਚ ਵਾਜਪਾਈ ਸਰਕਾਰ ਸਥਾਪਿਤ ਕਰਨ ਵਿਚ ਵੀ ਉਹਨਾਂ ਦਾ ਸਭ ਤੋਂ ਵੱਡਾ ਹੱਥ ਸੀ।

ਪੰਜਾਬ ਦੇ ਸੀ ਪੀ ਆਈ ਆਗੂ ਹਰਦੇਵ ਅਰਸ਼ੀ ਨੇ ਮਰਹੂਮ ਆਗੂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਉਹਨਾਂ ਨੂੰ ਇਕ ਨਿਮਾਣਾ ਵਰਕਰ ਦੱਸਿਆ ਜਿਸਨੇ ਹਮੇਸ਼ਾ ਲੋਕਾਂ ਨੂੰ ਸਭ ਤੋਂ ਉਪਰ ਰੱਖਿਆ ਤੇ ਆਪਣੀ ਧੀ ਦੇ ਵਿਆਹ ਵਾਸਤੇ ਵੀ ਪੈਰੋਲ ਲੈਣ ਤੋਂ ਨਾਂਹ ਕਰ ਦਿੱਤੀ। ਸੀ ਪੀ ਆਈ ਐਮ ਦੇ ਸੁਖਵਿੰਦਰ ਸਿੰਘ ਨੇ ਵੀ ਸਾਬਕਾ ਮੁੱਖ ਮੰਤਰੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।


Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

BOBBY SIDHU
partner
(Serving the Community for Over 16 yrs.)

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust


You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

Dr. Randhawa Dentistry



Your own dentist who really cares for you


We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

Dr. Samreet Kaur Randhawa
General Family Dentist


New Patients welcome
Deal Directly with all Insurance Companies

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111





## ਜੇਕੇਐਨਪੀਪੀ ਪ੍ਰਧਾਨ ਦੇ ਬੇਟੇ ਦਾ ਨਾਂ ਕਾਲੀ ਸੂਚੀ ’ਚੋਂ ਹਟਾਇਆ



ਜੰਮੂ, 4 ਮਈ (ਪੋਸਟ ਬਿਊਰੋ): ਜੰਮੂ-ਕਸ਼ਮੀਰ ਨੈਸ਼ਨਲ ਪੈਂਥਰਜ਼ ਪਾਰਟੀ (ਜੇਕੇਐਨਪੀਪੀ) ਦੇ ਸੰਸਥਾਪਕ ਭੀਮ ਸਿੰਘ ਦੇ ਪੁੱਤਰ ਨੂੰ ਲੰਡਨ ਵਿਚ ਪਿਛਲੇ ਸਾਲ ਦੇ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਵਿੱਚ ਹਿਸਾ ਲੈਣ ਲਈ ਕਾਲੀ ਸੂਚੀ ਵਿੱਚੋਂ ਬਾਹਰ ਕਰ ਦਿੱਤਾ ਗਿਆ ਹੈ। ਅਤੇ ਉਸ ਨੂੰ ਆਪਣੀ ਮਾਂ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਲਈ ਐਮਰਜੈਂਸੀ ਵੀਜ਼ਾ ਜਾਰੀ ਕੀਤਾ ਗਿਆ ਹੈ। ਲੰਡਨ 'ਚ ਰਹਿਣ ਵਾਲੇ ਅੰਕਿਤ ਲਵ (39) ਨੇ ਉੱਥੇ ਪ੍ਰਦਰਸ਼ਨ 'ਚ ਹਿੱਸਾ ਲੈਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਮੁਆਫੀ ਮੰਗੀ ਸੀ। ਅੰਕਿਤ ਨੂੰ ਵੀਰਵਾਰ ਨੂੰ ਆਪਣੀ ਮਾਂ ਦੇ ਅੰਤਿਮ ਸੰਸਕਾਰ 'ਚ ਸ਼ਾਮਲ ਹੋਣ ਲਈ ਤਿੰਨ ਮਹੀਨੇ ਦਾ ਐਮਰਜੈਂਸੀ ਵੀਜ਼ਾ ਜਾਰੀ ਕੀਤਾ ਗਿਆ ਹੈ। ਅੰਕਿਤ ਦੇ ਅਨੁਸਾਰ, ਉਸਦੀ ਮਾਂ ਦਾ ਅੰਤਿਮ ਸੰਸਕਾਰ ਸ਼ੁੱਕਰਵਾਰ ਦੁਪਹਿਰ ਨੂੰ ਊਧਮਪੁਰ ਜ਼ਿਲ੍ਹੇ ਵਿੱਚ ਦੇਵਿਕਾ ਨਦੀ ਦੇ ਕੰਢੇ ਕੀਤਾ ਜਾਵੇਗਾ।

## ਜਾਸੂਸੀ ਦੇ ਦੋਸ਼ ’ਚ ਇਕ ਵਿਗਿਆਨੀ ਗ੍ਰਿਫਤਾਰ, ਪਾਕਿਸਤਾਨੀ ਭੇਜਦਾ ਸੀ ਗੁਪਤ ਜਾਣਕਾਰੀ

ਪੁਣੇ, 4 ਮਈ (ਪੋਸਟ ਬਿਊਰੋ): ਰੱਖਿਆ ਖੋਜ ਅਤੇ ਵਿਕਾਸ ਸੰਗਠਨ (ਡੀਆਰਡੀਓ) ਦੇ ਵਿਗਿਆਨੀ ਨੂੰ ਪੁਣੇ 'ਚ ਗ੍ਰਿਫਤਾਰ ਕੀਤਾ ਗਿਆ ਹੈ। ਉਸ 'ਤੇ ਪਾਕਿਸਤਾਨੀ ਏਜੰਟ ਨੂੰ ਜਾਣਕਾਰੀ ਦੇਣ ਦਾ ਦੋਸ਼ ਹੈ। ਅੱਤਵਾਦ ਵਿਰੋਧੀ ਦਸਤੇ (ਏਟੀਐਸ) ਨੇ ਕਿਹਾ ਕਿ ਡੀਆਰਡੀਓ ਦੇ ਇੱਕ ਵਿਗਿਆਨੀ ਨੂੰ ਜਾਸੂਸੀ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ।

ਵਿਗਿਆਨੀ ਪੁਣੇ ਵਿੱਚ ਡੀਆਰਡੀਓ ਸ਼ਾਖਾ ਵਿੱਚ ਕੰਮ ਕਰਦਾ ਸੀ। ਜਾਂਚ ਵਿੱਚ ਵਟਸਐਪ ਸੰਦੇਸ਼ਾਂ, ਵੌਇਸ ਕਾਲਾਂ, ਵੀਡੀਓਜ਼ ਅਤੇ ਸੋਸ਼ਲ ਮੀਡੀਆ ਰਾਹੀਂ ਪਾਕਿਸਤਾਨ ਦੀ ਖੁਫੀਆ ਏਜੰਸੀ ਦੇ



ਕਾਰਕੁਨਾਂ ਨਾਲ ਸੰਪਰਕਾਂ ਦਾ ਖੁਲਾਸਾ ਹੋਇਆ ਹੈ।

ਏਟੀਐਸ ਨੇ ਕਿਹਾ ਕਿ ਇੱਕ ਜ਼ਿੰਮੇਵਾਰ ਅਹੁਦੇ 'ਤੇ ਹੋਣ ਦੇ ਬਾਵਜੂਦ ਡੀਆਰਡੀਓ ਅਧਿਕਾਰੀ ਨੇ ਆਪਣੇ ਅਹੁਦੇ ਦੀ ਦੁਰਵਰਤੋਂ ਕੀਤੀ। ਉਸਨੇ ਸੰਵੇਦਨਸ਼ੀਲ ਸਰਕਾਰੀ ਜਾਣਕਾਰੀ ਲੀਕ ਕਰਕੇ ਆਪਣੀਆਂ ਜ਼ਿੰਮੇਵਾਰੀਆਂ ਅਤੇ ਦੇਸ਼ ਦੀ ਸੁਰੱਖਿਆ ਨਾਲ ਸਮਝੌਤਾ ਕੀਤਾ। ਜੇਕਰ ਅਜਿਹੀ ਸੂਚਨਾ ਕਿਸੇ ਦੁਸ਼ਮਣ ਦੇਸ਼ ਦੇ ਹੱਥ ਲੱਗ ਜਾਂਦੀ ਹੈ ਤਾਂ ਇਹ ਭਾਰਤ ਦੀ ਸੁਰੱਖਿਆ ਲਈ ਖਤਰਾ ਪੈਦਾ ਕਰ ਸਕਦੀ ਹੈ।

ਏਟੀਐਸ ਅਧਿਕਾਰੀ ਨੇ ਕਿਹਾ ਕਿ ਇਹ ਹਨੀਟ੍ਰੈਪ ਦਾ ਮਾਮਲਾ ਹੈ। ਉਸ ਨੂੰ ਬੁੱਧਵਾਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਮੁੰਬਈ ਵਿੱਚ ਏਟੀਐਸ ਦੀ ਕਾਲਾਚੌਕੀ ਯੂਨਿਟ ਵਿੱਚ ਅਧਿਕਾਰਤ ਸੀਕਰੇਟ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

## ਗੈਰ-ਕਾਨੂੰਨੀ ਇਮੀਗ੍ਰੇਸ਼ਨ ਰੈਕੇਟ ਵਿੱਚ ਸ਼ਾਮਲ 3 ਏਜੰਟਾਂ ਵਿਰੁੱਧ ਮਾਮਲਾ ਦਰਜ

ਨਵੀਂ ਦਿੱਲੀ, 4 ਮਈ (ਪੋਸਟ ਬਿਊਰੋ): ਕੈਨੇਡਾ ਤੋਂ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਦੌਰਾਨ ਮਾਰੇ ਗਏ ਚਾਰ ਭਾਰਤੀਆਂ ਦੀ ਮੌਤ ਦੇ ਮਾਮਲੇ ਵਿਚ ਗੁਜਰਾਤ ਦੀ ਮਹਿਸਾਣਾ ਪੁਲਸ ਨੇ ਕਾਰਵਾਈ ਕੀਤੀ ਹੈ। ਮੇਹਸਾਣਾ ਪੁਲਸ ਨੇ ਘਟਨਾ ਦੇ ਇਕ ਮਹੀਨੇ ਤੋਂ ਜ਼ਿਆਦਾ ਸਮੇਂ ਬਾਅਦ ਤਿੰਨਾਂ ਏਜੰਟਾਂ ਖਿਲਾਫ ਐੱਫਆਈਆਰ ਇੱਕ ਪੁਲਿਸ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਉਸ ਨੇ ਦੱਸਿਆ ਕਿ ਤਿੰਨੋਂ ਏਜੰਟ ਗੈਰ-ਕਾਨੂੰਨੀ ਇਮੀਗ੍ਰੇਸ਼ਨ ਰੈਕੇਟ ਵਿੱਚ ਸ਼ਾਮਲ ਸਨ। ਮਹੱਤਵਪੂਰਨ ਗੱਲ ਇਹ ਹੈ ਕਿ ਉੱਥੇ ਮਰਨ ਵਾਲੇ ਭਾਰਤੀ ਗੁਜਰਾਤ ਦੇ ਮੇਹਸਾਣਾ ਜ਼ਿਲ੍ਹੇ ਦੇ ਵਿਜਾਪੁਰ ਤਾਲੁਕਾ ਦੇ ਪਿੰਡ ਮਾਣਕਪੁਰਾ-ਦਾਭਾਲ ਦੇ ਵਸਨੀਕ ਸਨ। ਐਫਆਈਆਰ ਵਿਚ, ਪੁਲਿਸ ਨੇ ਕਿਹਾ ਕਿ ਤਿੰਨ ਏਜੰਟਾਂ ਨੇ ਇੱਥੇ ਮ੍ਰਿਤਕ ਦੇ ਰਿਸ਼ਤੇਦਾਰਾਂ ਤੋਂ ਕਥਿਤ ਤੌਰ 'ਤੇ 60 ਲੱਖ ਰੁਪਏ ਲਏ ਅਤੇ ਖਰਾਬ ਮੌਸਮ ਵਿੱਚ ਚਾਰ ਪੀੜਤਾਂ ਨੂੰ ਅਮਰੀਕਾ-ਕੈਨੇਡਾ ਸਰਹੱਦ 'ਤੇ ਸੇਂਟ ਲਾਰੈਂਸ ਨਦੀ ਨੂੰ ਪਾਰ ਕਰਨ ਲਈ ਕਿਸ਼ਤੀ ਦੀ ਸਵਾਰੀ ਕਰਨ ਲਈ ਮਜਬੂਰ ਕੀਤਾ।

## ਮਨੀਪੁਰ ਦੰਗਾ: ਦੰਗਾਕਰੀਆਂ ਨੂੰ ਦੇਖਦੇ ਹੀ ਗੋਲੀ ਮਾਰਨ ਦੇ ਹੁਕਮ, ਹਜ਼ਾਰਾਂ ਲੋਕ ਕੀਤੇ ਗਏ ਸ਼ਿਫਟ



ਇੰਫਾਲ, 4 ਮਈ (ਪੋਸਟ ਬਿਊਰੋ): ਮਨੀਪੁਰ ਵਿੱਚ ਹਾਲਾਤ ਦਿਨੋ-ਦਿਨ ਵਿਗੜਦੇ ਜਾ ਰਹੇ ਹਨ। ਬੁੱਧਵਾਰ ਨੂੰ ਆਦਿਵਾਸੀਆਂ ਦੇ ਪ੍ਰਦਰਸ਼ਨ ਦੌਰਾਨ ਹਿੰਸਾ ਹੋਈ ਸੀ। ਇਸ ਤੋਂ ਬਾਅਦ 8 ਜ਼ਿਲਿਆਂ 'ਚ ਕਰਫਿਊ ਲਗਾ ਦਿੱਤਾ ਗਿਆ। ਸਰਕਾਰ ਨੇ ਦੰਗਾਕਾਰੀਆਂ ਨੂੰ ਦੇਖਦੇ ਹੀ ਗੋਲੀ ਮਾਰਨ ਦੇ ਹੁਕਮ ਦਿੱਤੇ ਹਨ। ਹਿੰਸਾ ਪ੍ਰਭਾਵਿਤ ਇਲਾਕਿਆਂ 'ਚ ਧਾਰਾ 144 ਲਾਗੂ ਹੈ। ਪੂਰੇ ਸੂਬੇ 'ਚ 5 ਦਿਨਾਂ ਲਈ ਇੰਟਰਨੈੱਟ ਸੇਵਾ ਬੰਦ ਕਰ ਦਿੱਤੀ ਗਈ ਹੈ।

ਆਲ ਇੰਡੀਆ ਟਰਾਈਬਲ ਸਟੂਡੈਂਟ ਯੂਨੀਅਨ ਨੇ ਬੁੱਧਵਾਰ ਨੂੰ ਕਬਾਇਲੀ ਏਕਤਾ ਮਾਰਚ ਬੁਲਾਇਆ ਸੀ। ਇਸ ਦੌਰਾਨ ਕਬਾਇਲੀ ਅਤੇ ਗੈਰ ਕਬਾਇਲੀ ਭਾਈਚਾਰਿਆਂ ਵਿਚਕਾਰ ਝੜਪ ਵੀ ਹੋਈ। ਕਬਾਇਲੀ ਭਾਈਚਾਰਾ ਇਸ ਮੰਗ ਦਾ ਵਿਰੋਧ ਕਰ ਰਿਹਾ ਸੀ ਕਿ ਗੈਰ-ਆਦੀਵਾਸੀ ਮੈਤੇਈ ਭਾਈਚਾਰੇ ਨੂੰ ਅਨੁਸੂਚਿਤ ਜਨਜਾਤੀ (ਐਸਟੀ) ਦਾ ਦਰਜਾ ਦਿੱਤਾ ਜਾਵੇ।

ਮਨੀਪੁਰ ਹਾਈ ਕੋਰਟ ਨੇ ਰਾਜ ਸਰਕਾਰ ਨੂੰ ਮੈਤੇਈ ਭਾਈਚਾਰੇ ਦੀ ਮੰਗ 'ਤੇ ਵਿਚਾਰ ਕਰਨ ਦਾ ਨਿਰਦੇਸ਼ ਦਿੱਤਾ ਹੈ। ਕੇਂਦਰ ਨੂੰ 4 ਮਹੀਨਿਆਂ ਅੰਦਰ ਆਪਣੇ ਸੁਝਾਅ ਭੇਜਣ ਲਈ ਕਿਹਾ ਗਿਆ ਹੈ। ਇਸ ਹੁਕਮ ਤੋਂ ਬਾਅਦ ਆਦਿਵਾਸੀਆਂ ਅਤੇ ਗੈਰ-ਕਬਾਇਲੀਆਂ ਵਿਚਕਾਰ ਹਿੰਸਾ ਸ਼ੁਰੂ ਹੋ ਗਈ।

ਕਈ ਥਾਵਾਂ 'ਤੇ ਅੱਗਜ਼ਨੀ ਅਤੇ ਹਿੰਸਾ ਦੀਆਂ ਖ਼ਬਰਾਂ ਹਨ। ਸਥਿਤੀ ਨੂੰ ਕਾਬੂ ਕਰਨ ਲਈ ਪੁਲਿਸ ਨੇ ਅੱਥਰੂ ਗੈਸ ਦੇ ਕਈ ਗੋਲੇ ਵੀ ਛੱਡੇ ਪਰ ਹਿੰਸਾ ਰੁਕੀ ਨਹੀਂ। ਹੁਣ ਫੌਜ ਅਤੇ ਅਸਾਮ ਰਾਈਫਲਜ਼ ਦੀਆਂ 55 ਟੁਕੜੀਆਂ ਤਾਇਨਾਤ ਕੀਤੀਆਂ ਗਈਆਂ ਹਨ।

## ਬਲਵੰਤ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਬਦਲਣ ’ਤੇ ਸੁਪਰੀਮ ਕੋਰਟ ਦਾ ਇਨਕਾਰ



ਨਵੀਂ ਦਿੱਲੀ, 4 ਮਈ (ਪੋਸਟ ਬਿਊਰੋ): ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਸੁਪਰੀਮ ਕੋਰਟ ਨੇ ਬਦਲਣ ਤੋਂ ਇਨਕਾਰ ਕਰ ਦਿੱਤਾ ਹੈ। ਪਟੀਸ਼ਨ ਵਿੱਚ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦੀ ਮੰਗ ਕੀਤੀ ਗਈ ਸੀ। ਹਾਲਾਂਕਿ, ਅਦਾਲਤ ਨੇ ਸਮਰੱਥ ਅਧਿਕਾਰੀਆਂ ਨੂੰ ਰਾਜੋਆਣਾ ਦੀ ਰਹਿਮ ਦੀ ਅਪੀਲ 'ਤੇ ਲੋੜ ਅਨੁਸਾਰ ਫੈਸਲਾ ਲੈਣ ਦੇ ਨਿਰਦੇਸ਼ ਦਿੱਤੇ ਹਨ।

ਜ਼ਿਕਰਯੋਗ ਹੈ ਕਿ ਰਾਜੋਆਣਾ ਨੇ 26 ਸਾਲ ਦੀ ਲੰਬੀ ਕੈਦ ਦੇ ਆਧਾਰ 'ਤੇ ਆਪਣੀ ਮੌਤ ਦੀ ਸਜ਼ਾ ਨੂੰ ਉਮਰ ਕੈਦ 'ਚ ਬਦਲਣ ਦੀ ਮੰਗ ਕੀਤੀ ਸੀ। ਸੁਪਰੀਮ ਕੋਰਟ ਨੇ ਪਿਛਲੇ ਸਾਲ 2 ਮਈ ਨੂੰ ਕੇਂਦਰ ਨੂੰ ਰਾਜੋਆਣਾ ਵੱਲੋਂ ਦਾਇਰ ਕੀਤੀ ਸਜ਼ਾ ਬਦਲਣ ਦੀ ਪਟੀਸ਼ਨ 'ਤੇ ਦੋ ਮਹੀਨਿਆਂ ਦੇ ਅੰਦਰ ਫੈਸਲਾ ਕਰਨ ਲਈ ਕਿਹਾ ਸੀ। ਹਾਲਾਂਕਿ ਪਿਛਲੇ ਸਾਲ 28 ਸਤੰਬਰ ਨੂੰ ਕੇਂਦਰ ਵੱਲੋਂ ਕੋਈ ਫੈਸਲਾ ਨਾ ਆਉਣ 'ਤੇ ਸੁਪਰੀਮ ਕੋਰਟ ਨੇ ਮਾਮਲੇ ਨੂੰ ਆਪਣੇ ਹੱਥਾਂ 'ਚ ਲੈ ਲਿਆ ਸੀ।

## ਨਸ਼ੀਲੇ ਪਦਾਰਥਾਂ ਦੇ ਸੌਦਾਗਰਾਂ ਤੋਂ ਲੱਖਾਂ ਦੀਆਂ ਨਸ਼ੀਲੀਆਂ ਦਵਾਈਆਂ ਬਰਾਮਦ

ਮੁੰਬਈ, 4 ਮਈ (ਪੋਸਟ ਬਿਊਰੋ): ਐਂਟੀ ਨਾਰਕੋਟਿਕਸ ਸੈੱਲ (ਏਐਨਸੀ) ਨੇ ਮੁੰਬਈ ਵਿੱਚ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਖ਼ਿਲਾਫ਼ ਵਿਸ਼ੇਸ਼ ਮੁਹਿੰਮ ਚਲਾਈ ਹੈ। ਵੀਰਵਾਰ ਨੂੰ ਏਐਨਸੀ ਨੇ ਪਿਛਲੇ 12 ਘੰਟਿਆਂ ਵਿੱਚ ਮੁੰਬਈ ਦੇ ਤਿੰਨ ਵੱਖ-ਵੱਖ ਖੇਤਰਾਂ ਤੋਂ ਚਾਰ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁੰਬਈ ਏਐਨਸੀ ਦੀ ਕਾਂਦੀਵਲੀ, ਵਰਲੀ ਅਤੇ ਆਜ਼ਾਦ ਮੈਦਾਨ ਯੂਨਿਟਾਂ ਨੇ ਐਮਡੀ ਡਰੱਗਜ਼ ਅਤੇ ਈ-ਸਿਗਰੇਟ ਜ਼ਬਤ ਕੀਤੇ ਹਨ।



ਬਰਾਮਦ ਨਸ਼ੀਲੇ ਪਦਾਰਥਾਂ ਦੀ ਕੀਮਤ 25 ਲੱਖ ਰੁਪਏ ਹੈ। ਏਐਨਸੀ ਦੀ ਟੀਮ ਨੂੰ ਟਰਾਂਬੇ ਖੇਤਰ ਵਿੱਚ ਇੱਕ ਈ-ਸਿਗਰੇਟ ਰੀਫਿਲਿੰਗ ਸੈਂਟਰ ਬਾਰੇ ਵੀ ਜਾਣਕਾਰੀ ਮਿਲੀ। ਟੀਮ ਨੇ ਮੌਕੇ 'ਤੇ ਛਾਪੇਮਾਰੀ ਦੌਰਾਨ ਪੰਜ ਲੱਖ ਰੁਪਏ ਦੀਆਂ ਈ-ਸਿਗਰਟਾਂ ਬਰਾਮਦ ਕੀਤੀਆਂ। ਇੱਕ ਵਿਸ਼ੇਸ਼ ਮੁਹਿੰਮ ਦੌਰਾਨ, ਏਐਂਸੀ ਅਪਰਾਧ ਸ਼ਾਖਾ ਮੁੰਬਈ ਨੇ ਹੁਣ ਤੱਕ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਮਾਮਲਿਆਂ ਵਿੱਚ 21 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਕੋਲੋਂ 850 ਗ੍ਰਾਮ ਐੱਮ।ਡੀ। ਡਰੱਗਜ਼, 1।230 ਕਿਲੋ ਚਰਸ, 92।4 ਗ੍ਰਾਮ ਹੈਰੋਇਨ, 280 ਗ੍ਰਾਮ ਹਾਈਡ੍ਰੋਪੋਨਿਕ ਬੂਟੀ (2.6 ਕਰੋੜ ਰੁਪਏ) ਬਰਾਮਦ ਕੀਤੀ ਹੈ।

## ਤਾਮਿਲਨਾਡੂ ’ਚ ਆਟੋ-ਬੱਸ ਦੀ ਟੱਕਰ, 6 ਦੀ ਮੌਤ

ਤਾਮਿਲਨਾਡੂ, 4 ਮਈ (ਪੋਸਟ ਬਿਊਰੋ): ਤਾਮਿਲਨਾਡੂ ਦੇ ਮਹਾਬਲੀਪੁਰਮ ਦੇ ਮਨਮਈ ਪਿੰਡ 'ਚ ਇਕ ਆਟੋ ਦੀ ਬੱਸ ਨਾਲ ਟੱਕਰ ਹੋ ਗਈ, ਜਿਸ ਕਾਰਨ ਦੋ ਬੱਚਿਆਂ ਸਮੇਤ 6 ਲੋਕਾਂ ਦੀ ਮੌਤ ਹੋ ਗਈ। ਪੁਲਸ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਿਸ ਮੁਤਾਬਕ ਇਸ ਹਾਦਸੇ ਵਿੱਚ ਮਾਰੇ ਗਏ ਸਾਰੇ ਲੋਕ ਇੱਕ ਹੀ ਪਰਿਵਾਰ ਦੇ ਮੈਂਬਰ




ਸਨ। ਪੁਲਿਸ ਦੇ ਅਨੁਸਾਰ, ਪਰਿਵਾਰ ਇੱਕ ਆਟੋ ਵਿੱਚ ਕਰਾਪੱਕਮ ਤੋਂ ਚੇਨਈ ਵਾਪਸ ਆ ਰਿਹਾ ਸੀ ਜਦੋਂ ਆਟੋ ਨੇ ਈਸਟ ਕੋਸਟ ਰੋਡ 'ਤੇ ਮਨਮਈ ਪਿੰਡ ਨੇੜੇ ਪੁਡੂਚੇਰੀ ਜਾ ਰਹੀ ਸਟੇਟ ਐਕਸਪ੍ਰੈਸ ਟਰਾਂਸਪੋਰਟ ਕਾਰਪੋਰੇਸ਼ਨ ਦੀ ਬੱਸ ਨਾਲ ਟੱਕਰ ਮਾਰ ਦਿੱਤੀ।

ਪੁਲਸ ਨੇ ਦੱਸਿਆ ਕਿ ਹਾਦਸੇ 'ਚ ਆਟੋ ਚਾਲਕ ਗੋਵਿੰਦਨ, ਉਸ ਦੀ ਮਾਂ, ਪਤਨੀ, ਬੇਟੀ ਅਤੇ ਦੋ ਪੋਤੇ-ਪੋਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲੀਸ ਨੇ ਇਸ ਸਬੰਧੀ ਕੇਸ ਦਰਜ ਕਰ ਲਿਆ ਹੈ।

## ਮੱਧ ਪ੍ਰਦੇਸ਼ ’ਚ 15 ਹਜ਼ਾਰ ਤੋਂ ਵੱਧ ਸਰਕਾਰੀ ਡਾਕਟਰਾਂ ਨੇ ਕੀਤੀ ਹੜਤਾਲ, ਮਰੀਜ਼ ਪਰੇਸ਼ਾਨ

ਭੋਪਾਲ, 4 ਮਈ (ਪੋਸਟ ਬਿਊਰੋ): ਮੱਧ ਪ੍ਰਦੇਸ਼ ਵਿੱਚ, ਬਰਾਬਰ ਤਨਖਾਹ, ਪੁਰਾਣੀ ਪੈਨਸ਼ਨ, ਪ੍ਰਸ਼ਾਸਨਿਕ ਦਖਲਅੰਦਾਜ਼ੀ ਘਟਾਉਣ ਵਰਗੀਆਂ ਕਈ ਮੰਗਾਂ ਨੂੰ ਲੈ ਕੇ 15,000 ਤੋਂ ਵੱਧ ਸਰਕਾਰੀ ਡਾਕਟਰ ਬੁੱਧਵਾਰ ਤੋਂ ਹੜਤਾਲ 'ਤੇ ਚਲੇ ਗਏ। ਹੜਤਾਲ ਦਾ ਅਸਰ ਭੋਪਾਲ, ਇੰਦੌਰ ਸਮੇਤ 13 ਸਰਕਾਰੀ ਮੈਡੀਕਲ ਕਾਲਜਾਂ, ਜ਼ਿਲ੍ਹਾ ਹਸਪਤਾਲਾਂ, ਕਮਿਊਨਿਟੀ ਹੈਲਥ ਸੈਂਟਰਾਂ, ਪ੍ਰਾਇਮਰੀ ਹੈਲਥ ਸੈਂਟਰਾਂ ਵਿੱਚ ਦਿਖਾਈ ਦੇ ਰਿਹਾ ਹੈ। ਗੰਭੀਰ ਬਿਮਾਰੀਆਂ ਤੋਂ ਪੀੜਤ ਮਰੀਜ਼ ਜ਼ਿਆਦਾ ਪ੍ਰੇਸ਼ਾਨ ਹਨ। ਕੁਝ ਮਰੀਜ਼ਾਂ ਨੂੰ ਭੋਪਾਲ ਦੇ ਨਿੱਜੀ ਹਸਪਤਾਲਾਂ ਵਿੱਚ ਸ਼ਿਫਟ ਕਰਨਾ ਪਿਆ, ਕਈ ਆਪਰੇਸ਼ਨ ਮੁਲਤਵੀ ਕਰਨੇ ਪਏ। ਡਾਕਟਰਾਂ ਦੀ ਮੰਗ ਹੈ ਕਿ ਸਰਕਾਰੀ ਹਸਪਤਾਲਾਂ ਵਿੱਚ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਦਖ਼ਲਅੰਦਾਜ਼ੀ ਘਟਾਈ ਜਾਵੇ। ਕੰਟਰੈਕਟ ਡਾਕਟਰਾਂ ਨੂੰ ਜਲਦੀ ਤੋਂ ਜਲਦੀ ਰੈਗੂਲਰ ਕੀਤਾ ਜਾਵੇ। ਠੇਕੇ ਵਾਲੇ ਡਾਕਟਰਾਂ ਨੂੰ ਐਮਪੀਪੀਐਸਸੀ ਵਿੱਚ 40% ਰਾਖਵਾਂਕਰਨ ਮਿਲਦਾ ਹੈ, ਪੇਂਡੂ ਖੇਤਰਾਂ ਵਿੱਚ ਜਿਨ੍ਹਾਂ ਡਾਕਟਰਾਂ ਨੇ ਬਾਂਡ ਭਰਿਆ ਹੈ, ਉਨ੍ਹਾਂ ਨੂੰ ਠੇਕੇ ਦੇ ਡਾਕਟਰਾਂ ਦੇ ਬਰਾਬਰ ਤਨਖਾਹ ਮਿਲਦੀ ਹੈ। ਦੱਸ ਦੇਈਏ ਕਿ ਇਸ

## ਜੰਮੂ-ਕਸ਼ਮੀਰ ’ਚ ਹੋਈ ਮੁੱਠਭੇੜ ਵਿਚ ਦੋ ਅੱਤਵਾਦੀ ਮਾਰੇ, ਤਲਾਸ਼ੀ ਦੌਰਾਨ ਮਿਲੇ ਹਥਿਆਰ

ਜੰਮੂ, 4 ਮਈ (ਪੋਸਟ ਬਿਊਰੋ): ਜੰਮੂ-ਕਸ਼ਮੀਰ ਦੇ ਮਾਛਿਲ ਸੈਕਟਰ 'ਚ ਫੌਜ ਨੇ ਅੱਤਵਾਦੀਆਂ ਦੀ ਘੁਸਪੈਠ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ। ਫੌਜ ਨੇ ਦੋ ਅੱਤਵਾਦੀਆਂ ਨੂੰ ਮਾਰ ਕੇ ਉਨ੍ਹਾਂ ਦੀ ਨਾਪਾਕ ਯੋਜਨਾ ਨੂੰ ਵੀ ਨਾਕਾਮ ਕਰ ਦਿੱਤਾ। ਕੁਪਵਾੜਾ ਪੁਲਿਸ ਦੇ ਐਸਐਸਪੀ ਨੂੰ ਖੁਫੀਆ ਸੂਚਨਾ ਮਿਲੀ ਸੀ ਕਿ 1 ਮਈ ਨੂੰ ਮਾਛਿਲ ਸੈਕਟਰ ਦੇ ਦੂਜੇ ਪਾਸੇ ਲਾਂਚ ਪੈਡ ਤੋਂ ਅੱਤਵਾਦੀਆਂ ਦਾ ਇਕ ਸਮੂਹ ਘੁਸਪੈਠ ਦੀ ਕੋਸ਼ਿਸ਼ ਕਰ ਸਕਦਾ ਹੈ। ਘੁਸਪੈਠ ਦੇ ਸੰਭਾਵੀ ਤਰੀਕੇ ਨਾਲ ਫੌਜ ਅਤੇ ਪੁਲਿਸ ਦੇ ਜਵਾਨਾਂ 'ਤੇ ਹਮਲਾ ਕੀਤਾ ਗਿਆ।



ਖਰਾਬ ਮੌਸਮ, ਲਗਾਤਾਰ ਮੀਂਹ ਅਤੇ ਧੁੰਦ ਦੇ ਬਾਵਜੂਦ ਫੌਜ ਦੇ ਜਵਾਨਾਂ ਨੇ ਮੋਰਚਾ ਨਹੀਂ ਛੱਡਿਆ। ਲਗਾਤਾਰ ਦੋ ਦਿਨ ਤਾਪਮਾਨ ਡਿੱਗਣ ਤੋਂ ਬਾਅਦ ਜਵਾਨ ਮਜ਼ਬੂਤੀ ਨਾਲ ਖੜ੍ਹੇ ਰਹੇ। 3 ਮਾਰਚ ਨੂੰ ਸਵੇਰੇ 8:30 ਵਜੇ ਜਿਵੇਂ ਹੀ ਅੱਤਵਾਦੀ ਭਾਰਤੀ ਸਰਹੱਦ 'ਚ ਦਾਖਲ ਹੋਏ ਤਾਂ ਫੌਜ ਅਤੇ ਅੱਤਵਾਦੀਆਂ ਵਿਚਾਲੇ ਜ਼ਬਰਦਸਤ ਗੋਲੀਬਾਰੀ ਹੋਈ। ਬਾਅਦ ਵਿੱਚ ਫੌਜ ਨੇ ਦੋਵਾਂ ਅੱਤਵਾਦੀਆਂ ਨੂੰ ਮਾਰ ਦਿੱਤਾ। ਮਾਰੇ ਗਏ ਦੋਵੇਂ ਅੱਤਵਾਦੀਆਂ ਕੋਲੋਂ ਦੋ ਏਕੇ ਸੀਰੀਜ਼ ਦੀਆਂ ਰਾਈਫਲਾਂ, ਮੈਗਜ਼ੀਨ ਬਰਾਮਦ ਹੋਏ ਹਨ। ਅੱਤਵਾਦੀਆਂ ਕੋਲੋਂ ਬਰਾਮਦ ਕੀਤੀਆਂ ਗਈਆਂ ਵਸਤਾਂ ਵਿੱਚ ਦੋ ਏਕੇ 47 ਰਾਈਫਲਾਂ, ਛੇ ਏਕੇ 47 ਮੈਗਜ਼ੀਨ, ਏਕੇ 47 ਦੇ 159 ਰਾਉਂਡ, ਦੋ ਹੈਂਡ ਗਰਨੇਡ, ਪਾਕਿਸਤਾਨੀ ਬ੍ਰਾਂਡਿਡ ਖਾਣ-ਪੀਣ ਦੀਆਂ ਵਸਤੂਆਂ, ਸਿਗਰਟਾਂ ਅਤੇ ਪਾਕਿਸਤਾਨੀ ਕਰੰਸੀ ਵਿਚ 660 ਰੁਪਏ ਸ਼ਾਮਲ ਹਨ।








## ਕੁਈਨਜ਼ਵੁੱਡ ਕਾਲਜ ਆਫ਼ ਬਿਜ਼ਨਸ ਹੈਲਥ ਐਂਡ ਟੈਕਨਾਲੋਜੀ ਡਿਪਲੋਮਾ ਅਤੇ ਛੋਟੇ ਕੋਰਸ ਪੇਸ਼ ਕਰਦਾ ਹੈ

ਡਿਪਲੋਮਾ ਪ੍ਰੋਗਰਾਮਾਂ ਵਿੱਚ ਅਸੀਂ **Medical Office Assistant** ਪ੍ਰੋਗਰਾਮ ਪੇਸ਼ ਕਰ ਰਹੇ ਹਾਂ । ਇਹ ਪ੍ਰੋਗਰਾਮ ਉਹਨਾਂ ਸਾਰਿਆਂ ਲਈ ਢੁਕਵਾਂ ਹੈ ਜੋ ਡਾਕਟਰ ਦੇ ਦਫ਼ਤਰ ਵਿੱਚ ਕੰਮ ਕਰਨਾ ਚਾਹੁੰਦੇ ਹਨ। ਤੁਸੀਂ ਇਸ ਕੋਰਸ ਨੂੰ ਪੂਰਾ ਕਰਨ ਤੋਂ ਬਾਅਦ ਡਾਕਟਰ ਦੇ ਦਫਤਰ ਵਿੱਚ ਇੱਕ ਚੰਗੀ ਸਫੈਦ ਕਾਲਰ ਦੀ ਨੌਕਰੀ ਪ੍ਰਾਪਤ ਕਰ ਸਕਦੇ ਹੋ। ਇਹ ਪ੍ਰੋਗਰਾਮ 47 ਹਫ਼ਤਿਆਂ ਦਾ ਹੈ। ਇਸ ਪ੍ਰੋਗਰਾਮ ਵਿੱਚ ਡਾਕਟਰ ਦੇ ਦਫ਼ਤਰ ਵਿੱਚ 240 **Hours** ਦੀ ਵਿਹਾਰਕ ਸਿਖਲਾਈ ਸ਼ਾਮਲ ਹੈ ਜੋ ਕਿ ਗਿਆਨ ਪ੍ਰਾਪਤ ਕਰਨ ਵਿੱਚ ਮਦਦਗਾਰ ਹੈ।

ਇਹ ਪ੍ਰੋਗਰਾਮ ਕਿਸੇ ਵੀ ਕੰਪਨੀ ਦੇ ਪ੍ਰਸ਼ਾਸਕੀ ਖੇਤਰ, ਫਰੰਟ ਡੈਸਕ ਨੌਕਰੀਆਂ, ਰਿਸੈਪਸ਼ਨਿਸਟ, ਆਫਿਸ ਐਡਮਿਨਿਸਟ੍ਰੇਟੋ ਵਿੱਚ ਨੌਕਰੀ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ।

ਇਸ ਕੋਰਸ ਲਈ ਪੂਰਵ ਸ਼ਰਤ ਹੈ, ਪ੍ਰੋਗਰਾਮ ਵਿੱਚ ਦਾਖਲਾ ਲੈਣ ਲਈ ਕਿਸੇ ਵੀ ਦੇਸ਼ ਤੋਂ ਘੱਟੋ-ਘੱਟ ਬਾਰ੍ਹਵੀਂ ਜਮਾਤ ਜਾਂ ਤੁਹਾਡੀ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ।

ਇਸ ਤੋਂ ਇਲਾਵਾ, Office Administration ਡਿਪਲੋਮਾ ਪ੍ਰੋਗਰਾਮ ਅਤੇ Personal Support Worker, Food Service Worker, ਪ੍ਰੋਗਰਾਮ ਵੀ ਪੇਸ਼ ਕੀਤੇ ਜਾਂਦੇ ਹਨ। ਛੋਟੇ ਕੋਰਸਾਂ ਵਿੱਚ, ਬੇਸਿਕ ਤੋਂ ਐਡਵਾਂਸ ਕੰਪਿਊਟਰ ਕੋਰਸ, ਅੰਗਰੇਜ਼ੀ ਭਾਸ਼ਾ ਦੇ ਕੋਰਸ, Accounting, ਆਈਲੈਟਸ, ਸੇਲਪਪ, ਡੇਟਾ ਐਂਟਰੀ ਅਤੇ ਫਰੈਂਚ ਕਲਾਸਾਂ ਵੀ ਇੱਥੇ ਦਿੱਤੀਆਂ ਜਾ ਰਹੀਆਂ ਹਨ। ਕਲਾਸਾਂ ਹਫ਼ਤੇ ਦੇ ਦਿਨ ਅਤੇ ਸ਼ਨੀਵਾਰ ਲਈ ਉਪਲਬਧ ਹਨ। Flexible schedule.

ਵਧੇਰੇ ਜਾਣਕਾਰੀ ਲਈ, ਤੁਸੀਂ 905-872-0088 ਤੇ ਕਾਲ ਕਰ ਸਕਦੇ ਹੋ।

Website: www.queenswood.com

Address: 2023 William, Pkwy, Unit 3, Brampton, ON, L6S 5N1



# ਪੁਤਿਨ ’ਤੇ ਡਰੋਨ ਹਮਲੇ ਦੀ ਕੋਸ਼ਿਸ਼, ਰੂਸ ਨੇ ਯੂਕਰੇਨ ’ਤੇ ਹੱਤਿਆ ਦੀ ਸਾਜ਼ਿਸ਼ ਰਚਣ ਦਾ ਲਗਾਇਆ ਦੋਸ਼



ਮਾਸਕੋ, 4 ਮਈ (ਪੋਸਟ ਬਿਊਰੋ): ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦਾ ਦਾਅਵਾ ਕੀਤਾ ਗਿਆ ਹੈ। ਇਹ ਦਾਅਵਾ ਖੁਦ ਰੂਸ ਨੇ ਕੀਤਾ ਹੈ। ਰੂਸ ਦਾ ਕਹਿਣਾ ਹੈ ਕਿ ਯੂਕਰੇਨ ਨੇ ਕ੍ਰੇਮਲਿਨ 'ਤੇ ਡਰੋਨ ਨਾਲ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਕ੍ਰੇਮਲਿਨ ਨੇ ਇਸ ਨੂੰ ਅੱਤਵਾਦ ਦੀ ਕਾਰਵਾਈ ਕਿਹਾ ਹੈ ਅਤੇ ਜਵਾਬ ਦੇ ਅਧਿਕਾਰ ਤਹਿਤ ਕਾਰਵਾਈ ਦੀ ਚਿਤਾਵਨੀ ਦਿੱਤੀ ਹੈ।

ਕ੍ਰੇਮਲਿਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਦੋ ਮਾਨਵ ਰਹਿਤ ਵਾਹਨ (ਡਰੋਨ) ਰੂਸ ਵੱਲ ਭੇਜੇ ਗਏ ਹਨ। ਉਸ ਦਾ ਨਿਸ਼ਾਨਾ ਰਾਸ਼ਟਰਪਤੀ ਪੁਤਿਨ ਦੀ ਰਿਹਾਇਸ਼ ਸੀ। ਡਰੋਨਾਂ ਨੂੰ ਡੇਗ ਦਿੱਤਾ ਗਿਆ ਹੈ। ਅਸੀਂ ਇਸ ਨੂੰ ਯੋਜਨਾਬੱਧ ਅੱਤਵਾਦੀ ਕਾਰਵਾਈ ਮੰਨਦੇ ਹਾਂ। ਇਹ ਰੂਸੀ ਸੰਘ ਦੇ ਪ੍ਰਧਾਨ ਦੇ ਜੀਵਨ 'ਤੇ ਹਮਲੇ ਦੀ ਇੱਕ ਕੋਸ਼ਿਸ਼ ਸੀ। ਹਮਲੇ 'ਚ ਪੁਤਿਨ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ। ਰੂਸ ਨੇ ਕਿਹਾ ਕਿ ਰਾਸ਼ਟਰਪਤੀ ਪੁਤਿਨ ਦੀ ਕਾਰਜ ਸੂਚੀ ਨਹੀਂ ਬਦਲੀ ਹੈ। ਇਹ ਹਮੇਸ਼ਾ ਦੀ ਤਰ੍ਹਾਂ ਜਾਰੀ ਰਹੇਗਾ। ਅਸੀਂ ਬਦਲਾ ਲੈਣ ਦੇ ਅਧਿਕਾਰ ਤਹਿਤ ਕਾਰਵਾਈ ਕਰਾਂਗੇ। ਮੌਜੂਦਾ ਸਥਿਤੀ ਨੂੰ ਦੇਖਦੇ ਹੋਏ ਇਹ ਸਹੀ ਹੈ।

ਕ੍ਰੇਮਲਿਨ 'ਤੇ ਰੂਸ ਦੇ ਡਰੋਨ ਹਮਲੇ ਦੇ ਦੋਸ਼ਾਂ 'ਤੇ ਯੂਕਰੇਨ ਨੇ ਵੀ ਪ੍ਰਤੀਕਿਰਿਆ ਦਿੱਤੀ ਹੈ। ਯੂਕਰੇਨ ਨੇ ਕਿਹਾ ਕਿ ਰੂਸ ਵੱਡੇ ਪੱਧਰ 'ਤੇ ਅੱਤਵਾਦੀ ਹਮਲੇ ਦੀ ਤਿਆਰੀ ਕਰ ਰਿਹਾ ਹੈ। ਯੂਕਰੇਨ ਕੋਈ ਹਮਲਾ ਨਹੀਂ ਕਰਦਾ। ਅਸੀਂ ਆਪਣੀ ਰੱਖਿਆ ਲਈ ਜੰਗ ਲੜ ਰਹੇ ਹਾਂ। ਅਸੀਂ ਰਸ਼ੀਅਨ ਫੈਡਰੇਸ਼ਨ ਦੇ ਖੇਤਰ 'ਤੇ ਹਮਲਾ ਨਹੀਂ ਕਰਦੇ ਹਾਂ।

ਦਰਅਸਲ, ਪੁਤਿਨ ਦੀ ਹੱਤਿਆ ਦੀ ਸਾਜ਼ਿਸ਼ ਦੇ ਹਿੱਸੇ ਵਜੋਂ ਰੂਸੀ ਰਾਸ਼ਟਰਪਤੀ ਦੇ ਕ੍ਰੇਮਲਿਨ 'ਤੇ ਡਰੋਨ ਨਾਲ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਯੂਕਰੇਨ ਉਤੇ ਇਸ ਦਾ ਦੋਸ਼ ਲੱਗਾ ਹੈ। ਰਾਹਤ ਦੀ ਗੱਲ ਹੈ ਕਿ ਪੁਤਿਨ ਨੂੰ ਕੋਈ ਨੁਕਸਾਨ ਨਹੀਂ ਹੋਇਆ ਹੈ। ਉਹ ਪੂਰੀ ਤਰ੍ਹਾਂ ਸੁਰੱਖਿਅਤ ਹੈ। ਬੀਤੀ ਰਾਤ ਹਮਲੇ ਦੀ ਕੋਸ਼ਿਸ਼ ਕੀਤੀ ਗਈ ਸੀ। ਕ੍ਰੇਮਲਿਨ ਦਾ ਕਹਿਣਾ ਹੈ ਕਿ ਹਮਲੇ ਦੀ ਯੋਜਨਾ 9 ਮਈ ਨੂੰ ਜਿੱਤ ਦਿਵਸ ਪਰੇਡ ਤੋਂ ਪਹਿਲਾਂ ਕੀਤੀ ਗਈ ਸੀ। ਹਮਲੇ ਦੇ ਬਾਵਜੂਦ 9 ਮਈ ਨੂੰ ਹੋਣ ਵਾਲੀ ਵਿਕਟਰੀ ਡੇ ਪਰੇਡ ਤੈਅ ਸਮੇਂ ਅਨੁਸਾਰ ਅੱਗੇ ਵਧੇਗੀ।

# ਅਮਰੀਕਾ ਵਲੋਂ ਯੂਕਰੇਨ ਲਈ 300 ਮਿਲੀਅਨ ਡਾਲਰ ਦੀ ਫੌਜੀ ਸਹਾਇਤਾ ਦਾ ਐਲਾਨ

ਵਾਸ਼ਿੰਗਟਨ, 4 ਮਈ (ਪੋਸਟ ਬਿਊਰੋ): ਰੂਸ ਅਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਨੂੰ ਇੱਕ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ। ਅਮਰੀਕਾ ਭਾਰੀ ਹਥਿਆਰਾਂ ਦੀ ਸਪਲਾਈ ਕਰਕੇ ਤਾਕਤਵਰ ਰੂਸ ਦੇ ਸਾਹਮਣੇ ਕਮਜ਼ੋਰ ਯੂਕਰੇਨ ਦੀ ਮਦਦ ਕਰ ਰਿਹਾ ਹੈ। ਜੋ ਬਾਈਡਨ ਪ੍ਰਸ਼ਾਸਨ ਨੇ ਬੁੱਧਵਾਰ ਨੂੰ ਇਕ ਵਾਰ ਫਿਰ ਯੂਕਰੇਨ ਨੂੰ 300 ਮਿਲੀਅਨ ਡਾਲਰ ਦੀ ਸੁਰੱਖਿਆ ਸਹਾਇਤਾ ਦੇਣ ਦਾ ਐਲਾਨ ਕੀਤਾ।

ਵਿਦੇਸ਼ ਸਕੱਤਰ ਐਂਟਨੀ ਬਲਿੰਕਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਹ ਪੈਕੇਜ ਯੂਕਰੇਨ ਨੂੰ ਰੂਸ ਦੇ ਬੇਰਹਿਮ, ਬੇਰੋਕ ਅਤੇ ਗੈਰ-ਵਾਜਬ ਯੁੱਧ ਦੇ ਸਾਹਮਣੇ ਬਹਾਦਰੀ ਨਾਲ ਆਪਣਾ ਬਚਾਅ ਕਰਨ ਵਿੱਚ ਮਦਦ ਕਰੇਗਾ। ਅਮਰੀਕਾ ਅਤੇ ਹੋਰ ਸਹਿਯੋਗੀ ਯੂਕਰੇਨ ਨਾਲ ਉਦੋਂ ਤੱਕ ਜੁੜੇ ਰਹਿਣਗੇ ਜਦੋਂ ਤੱਕ ਰੂਸ ਯੁੱਧ ਖਤਮ ਨਹੀਂ ਕਰ ਦਿੰਦਾ। ਪਿਛਲੇ ਮਹੀਨੇ ਯੂਐਸ ਨੇ ਇੱਕ ਪੈਕੇਜ ਵਿੱਚ ਯੂਕਰੇਨ ਨੂੰ ਨਵੀਂ ਫੌਜੀ ਸਹਾਇਤਾ ਵਿੱਚ 325 ਮਿਲੀਅਨ ਡਾਲਰ ਦਾ ਐਲਾਨ ਕੀਤਾ ਜਿਸ ਵਿੱਚ ਉੱਚ ਗਤੀਸ਼ੀਲਤਾ ਤੋਪਖਾਨੇ ਰਾਕੇਟ ਪ੍ਰਣਾਲੀ ਲਈ ਹੋਰ ਤੋਪਖਾਨੇ ਅਤੇ ਰਾਕੇਟ ਸ਼ਾਮਲ ਹੋਣ ਦੀ ਉਮੀਦ ਹੈ।

# ਅਧਿਆਪਕ ਦੇ ਕਤਲ ਤੋਂ ਗੁੱਸੇ ’ਚ ਆਏ ਲੋਕਾਂ ਨੇ ਸਕੂਲ ਦੇ ਸਟਾਫ ਰੂਮ ’ਚ ਕੀਤੀ ਗੋਲੀ, ਸੱਤ ਮਰੇ

ਇਸਲਾਮਾਬਾਦ, 4 ਮਈ (ਪੋਸਟ ਬਿਊਰੋ): ਅਫਗਾਨਿਸਤਾਨ ਦੀ ਸਰਹੱਦ ਨਾਲ ਲੱਗਦੇ ਪਾਕਿਸਤਾਨ ਦੇ ਅਸ਼ਾਂਤ ਉੱਤਰ-ਪੱਛਮੀ ਕਬਾਇਲੀ ਜ਼ਿਲੇ 'ਚ ਵੀਰਵਾਰ ਨੂੰ ਹਮਲੇ ਅਤੇ ਗੋਲੀਬਾਰੀ ਦੀਆਂ ਦੋ ਵੱਖ-ਵੱਖ ਘਟਨਾਵਾਂ 'ਚ ਅੱਠ ਸਕੂਲ ਅਧਿਆਪਕਾਂ ਦੀ ਮੌਤ ਹੋ ਗਈ। ਇਸ ਤੋਂ ਇਲਾਵਾ ਖੈਬਰ ਪਖਤੂਨਖਵਾ ਸੂਬੇ 'ਚ ਹੀ ਅੱਤਵਾਦੀਆਂ ਨੇ ਗੋਲੀਬਾਰੀ ਕੀਤੀ। ਇਸ ਦੌਰਾਨ ਛੇ ਜਵਾਨਾਂ ਦੀ ਮੌਤ ਹੋ ਗਈ। ਫੌਜ ਮੁਤਾਬਕ ਇਹ ਗੋਲੀਬਾਰੀ ਉੱਤਰੀ ਵਜ਼ੀਰਿਸਤਾਨ ਦੇ ਡੀਅਰ ਦੁਨੀ ਇਲਾਕੇ 'ਚ ਹੋਈ। ਇਲਾਕੇ 'ਚ ਲੁਕੇ ਅੱਤਵਾਦੀਆਂ ਨੂੰ ਮਾਰਨ ਲਈ ਆਪਰੇਸ਼ਨ ਜਾਰੀ ਹੈ। ਪਾਕਿਸਤਾਨ ਦੇ ਸੁਰੱਖਿਆ ਬਲ ਅੱਤਵਾਦ ਦੇ ਖਤਰੇ ਨੂੰ ਖਤਮ ਕਰਨ ਲਈ ਦ੍ਰਿੜ ਹਨ।



ਪੁਲਸ ਨੇ ਦੱਸਿਆ ਕਿ ਖੈਬਰ ਪਖਤੂਨਖਵਾ ਸੂਬੇ ਦੇ ਅੱਪਰ ਕੁਰਮ ਕਬਾਇਲੀ ਜ਼ਿਲੇ ਦੇ ਪਾਰਾਚਿਨਾਰ ਹੈੱਡਕੁਆਰਟਰ, ਸ਼ਲੋਜਨ ਰੋਡ 'ਤੇ ਅਣਪਛਾਤੇ ਬੰਦੂਕਧਾਰੀਆਂ ਨੇ ਟੇਰੀ ਮੇਂਗਲ ਕਬੀਲੇ (ਸੁੰਨੀ ਕਬੀਲੇ) ਦੇ ਇਕ ਸਕੂਲ ਅਧਿਆਪਕ ਦੀ ਹੱਤਿਆ ਕਰ ਦਿੱਤੀ। ਉਸ ਦੀ ਪਛਾਣ ਮੁਹੰਮਦ ਸ਼ਰੀਫ ਵਜੋਂ ਹੋਈ ਹੈ। ਘਟਨਾ ਤੋਂ ਬਾਅਦ ਗੁੱਸੇ 'ਚ ਆਏ ਟੇਰੀ ਮੇਂਗਲ ਆਦਿਵਾਸੀਆਂ ਨੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਕੁਝ ਹੀ ਦੇਰ 'ਚ ਪ੍ਰਦਰਸ਼ਨ ਹਿੰਸਕ ਹੋ ਗਿਆ। ਇਸ ਤੋਂ ਬਾਅਦ ਕੁਝ ਬੰਦੂਕਧਾਰੀਆਂ ਨੇ ਸ਼ਰੀਫ ਦੀ ਹੱਤਿਆ ਦਾ ਬਦਲਾ ਲੈਣ ਲਈ ਉਸੇ ਜ਼ਿਲ੍ਹੇ ਦੇ ਸਰਕਾਰੀ ਤੇਰੀ ਮੈਂਗਲ ਹਾਈ ਸਕੂਲ ਦੇ ਸਟਾਫ ਰੂਮ 'ਤੇ ਹਮਲਾ ਕਰ ਦਿੱਤਾ ਅਤੇ ਟੋਰੀ ਕਬੀਲੇ (ਸ਼ੀਆ ਕਬੀਲੇ) ਦੇ ਸੱਤ ਅਧਿਆਪਕਾਂ ਦੀ ਹੱਤਿਆ ਕਰ ਦਿੱਤੀ। ਹਮਲਾ ਕਰਨ ਤੋਂ ਬਾਅਦ ਹਮਲਾਵਰ ਫਰਾਰ ਹੋ ਗਏ।

ਹਾਲਾਂਕਿ, ਕਿਸੇ ਵੀ ਸਮੂਹ ਜਾਂ ਵਿਅਕਤੀ ਨੇ ਹਮਲਿਆਂ ਦੀ ਜ਼ਿੰਮੇਵਾਰੀ ਨਹੀਂ ਲਈ ਹੈ। ਇਹ ਖੇਤਰ ਸੁੰਨੀ ਅਤੇ ਸ਼ੀਆ ਵਿਚਕਾਰ ਸੰਪਰਦਾਇਕ ਸੰਘਰਸ਼ ਲਈ ਜਾਣਿਆ ਜਾਂਦਾ ਹੈ। ਜ਼ਿਲ੍ਹੇ ਦੇ ਸਾਰੇ ਸਿਹਤ ਕੇਂਦਰਾਂ ਵਿੱਚ ਐਮਰਜੈਂਸੀ ਘੋਸ਼ਿਤ ਕਰ ਦਿੱਤੀ ਗਈ ਹੈ। ਹੱਤਿਆਕਾਂਡ ਤੋਂ ਬਾਅਦ ਕੋਹਾਟ ਬੋਰਡ ਦੀਆਂ 9ਵੀਂ ਅਤੇ 10ਵੀਂ ਜਮਾਤ ਦੀਆਂ ਪ੍ਰੀਖਿਆਵਾਂ ਵੀ ਮੁਲਤਵੀ ਕਰ ਦਿੱਤੀਆਂ ਗਈਆਂ ਹਨ।

# ਸਰਬੀਆ ਵਿਚ 7ਵੀਂ ’ਚ ਪੜ੍ਹਦੇ ਬੱਚੇ ਨੇ ਸਕੂਲ ’ਚ ਕੀਤੀ ਗੋਲੀਬਾਰੀ, 8 ਬੱਚਿਆਂ ਸਮੇਤ ਸੁਰੱਖਿਆ ਕਰਮੀ ਦੀ ਮੌਤ

ਬੈਲਗ੍ਰੇਡ, 4 ਮਈ (ਪੋਸਟ ਬਿਊਰੋ): ਸਰਬੀਆ ਦੇ ਇੱਕ ਸਕੂਲ ਵਿੱਚ ਇੱਕ ਕਿਸ਼ੋਰ ਵਿਦਿਆਰਥੀ ਵੱਲੋਂ ਗੋਲੀ ਚਲਾਉਣ ਦੀ ਸੂਚਨਾ ਮਿਲੀ ਹੈ। ਇਸ ਗੋਲੀਬਾਰੀ ਵਿੱਚ ਅੱਠ ਬੱਚਿਆਂ ਸਮੇਤ ਇੱਕ ਸੁਰੱਖਿਆ ਕਰਮਚਾਰੀ ਦੀ ਮੌਤ ਹੋ ਗਈ ਹੈ। ਸਰਬੀਆਈ ਪੁਲਿਸ ਨੇ ਘਟਨਾ ਦੀ ਪੁਸ਼ਟੀ ਕੀਤੀ ਹੈ। ਮੀਡੀਆ ਰਿਪੋਰਟਾਂ ਮੁਤਾਬਕ ਗੋਲੀਬਾਰੀ ਮੱਧ ਬੇਲਗ੍ਰੇਡ ਦੇ ਵਲਾਦਿਸਲਾਵ ਰਿਬਨੀਕਰ ਸਕੂਲ 'ਚ ਬੁੱਧਵਾਰ ਸਵੇਰੇ 9 ਵਜੇ ਦੇ ਕਰੀਬ ਹੋਈ।



ਰਿਪੋਰਟਾਂ ਦੇ ਅਨੁਸਾਰ, ਮੁਲਜ਼ਮ ਸਕੂਲ ਵਿੱਚ ਸੱਤਵੀਂ ਜਮਾਤ ਦਾ ਵਿਦਿਆਰਥੀ ਹੈ, ਨੂੰ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ ਹੈ। ਮੁਲਜ਼ਮ 14 ਸਾਲਾ ਲੜਕਾ ਹੈ ਜਿਸ ਨੇ ਆਪਣੇ ਪਿਤਾ ਦੀ ਬੰਦੂਕ ਨਾਲ ਦੂਜੇ ਵਿਦਿਆਰਥੀਆਂ 'ਤੇ ਗੋਲੀਬਾਰੀ ਕੀਤੀ ਸੀ। ਘਟਨਾ 'ਚ 5 ਲੋਕ ਜ਼ਖਮੀ ਵੀ ਹੋਏ ਹਨ, ਜਿਨ੍ਹਾਂ 'ਚੋਂ ਇਕ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਬੱਚਿਆਂ ਦੇ ਮਾਪੇ ਕਾਫੀ ਘਬਰਾ ਗਏ ਹਨ।

ਘਟਨਾ ਤੋਂ ਬਾਅਦ ਪੁਲਿਸ ਨੇ ਸਕੂਲ ਦੀ ਘੇਰਾਬੰਦੀ ਕਰ ਦਿੱਤੀ ਹੈ। ਸਰਬੀਆ ਵਿੱਚ ਅਜਿਹੀ ਗੋਲੀਬਾਰੀ ਬਹੁਤ ਘੱਟ ਹੁੰਦੀ ਹੈ ਕਿਉਂਕਿ ਸਰਬੀਆ ਵਿੱਚ ਬੰਦੂਕ ਦੇ ਲਾਇਸੈਂਸ ਲੈਣ ਲਈ ਸਖ਼ਤ ਨਿਯਮ ਹਨ। ਹਾਲਾਂਕਿ, 1990 ਦੇ ਦਹਾਕੇ ਵਿੱਚ ਪੱਛਮੀ ਬਾਲਕਨ ਵਿੱਚ ਲੜਾਈ ਦੇ ਕਾਰਨ, ਇੱਥੇ ਵੱਡੀ ਮਾਤਰਾ ਵਿੱਚ ਗੈਰ-ਕਾਨੂੰਨੀ ਹਥਿਆਰ ਮੌਜੂਦ ਹਨ।

# ਪਾਕਿ ਵਿਚ 50 ਹਿੰਦੂਆਂ ਦਾ ਕੀਤਾ ਗਿਆ ਧਰਮ ਪਰਿਵਰਤਨ

ਇਸਲਾਮਾਬਾਦ, 4 ਮਈ (ਪੋਸਟ ਬਿਊਰੋ): ਪਾਕਿਸਤਾਨ ਦੇ ਦੱਖਣੀ ਸਿੰਧ ਸੂਬੇ ਵਿੱਚ ਦਸ ਹਿੰਦੂ ਪਰਿਵਾਰਾਂ ਦੇ ਘੱਟੋ-ਘੱਟ 50 ਮੈਂਬਰਾਂ ਨੇ ਇਸਲਾਮ ਕਬੂਲ ਕਰ ਲਿਆ ਹੈ, ਜਿਸ ਨਾਲ ਹਿੰਦੂ ਕਾਰਕੁਨਾਂ ਨੂੰ ਪਰੇਸ਼ਾਨ ਕੀਤਾ ਗਿਆ ਹੈ, ਜੋ ਸਮੂਹਿਕ ਧਰਮ ਪਰਿਵਰਤਨ ਵਿੱਚ ਰਾਜ ਦੀ ਸ਼ਮੂਲੀਅਤ ਦਾ ਦੋਸ਼ ਲਗਾਉਂਦੇ ਹਨ। ਇਕ ਪਾਕਿਸਤਾਨੀ ਅਖਬਾਰ ਨੇ ਵੀਰਵਾਰ ਨੂੰ ਦੱਸਿਆ ਕਿ ਇਹ ਲੋਕ ਸੂਬੇ ਦੇ ਮੀਰਪੁਰਖਾਸ ਖੇਤਰ ਦੇ ਵੱਖ-ਵੱਖ ਇਲਾਕਿਆਂ ਦੇ ਨਿਵਾਸੀ ਸਨ ਅਤੇ ਸ਼ਹਿਰ ਦੇ ਬੈਤੁਲ ਇਮਾਨ ਨਿਊ ਮੁਸਲਿਮ ਕਾਲੋਨੀ ਮਦਰੱਸੇ 'ਚ ਆਯੋਜਿਤ ਇਕ ਸਮਾਰੋਹ 'ਚ ਉਨ੍ਹਾਂ ਦਾ ਧਰਮ ਪਰਿਵਰਤਨ ਕੀਤਾ ਗਿਆ। ਮਦਰੱਸੇ ਦੇ ਕੇਅਰਟੇਕਰਾਂ ਵਿੱਚੋਂ ਇੱਕ, ਕਾਰੀ ਤੈਮੂਰ ਰਾਜਪੂਤ ਨੇ ਪੁਸ਼ਟੀ ਕੀਤੀ ਕਿ 10 ਪਰਿਵਾਰਾਂ ਦੇ ਕੁੱਲ 50 ਲੋਕਾਂ ਨੇ ਇਸਲਾਮ ਕਬੂਲ ਕਰ ਲਿਆ ਹੈ, ਜਿਨ੍ਹਾਂ ਵਿੱਚ 23 ਔਰਤਾਂ ਅਤੇ ਇੱਕ ਸਾਲ ਦੀ ਬੱਚੀ ਵੀ ਸ਼ਾਮਲ ਹੈ। ਖਬਰਾਂ ਵਿਚ ਕਿਹਾ ਗਿਆ ਹੈ ਕਿ ਧਰਮ ਪਰਿਵਰਤਨ ਸਮਾਰੋਹ ਵਿਚ ਧਾਰਮਿਕ ਮਾਮਲਿਆਂ ਦੇ ਮੰਤਰੀ ਸੈਨੇਟਰ ਮੁਹੰਮਦ ਤਲਹਾ ਮਹਿਮੂਦ ਦੇ ਪੁੱਤਰ ਮੁਹੰਮਦ ਸ਼ਮਰੋਜ਼ ਖਾਨ ਨੇ ਵੀ ਸ਼ਿਰਕਤ ਕੀਤੀ।

ਰਾਜਪੂਤ ਨੇ ਖਾਨ ਦੇ ਹਵਾਲੇ ਨਾਲ ਕਿਹਾ, "ਹਰ ਕਿਸੇ ਨੇ ਆਪਣੀ ਮਰਜ਼ੀ ਨਾਲ ਇਸਲਾਮ ਕਬੂਲ ਕੀਤਾ, ਕਿਸੇ ਨੇ ਉਨ੍ਹਾਂ ਨੂੰ ਜ਼ਬਰਦਸਤੀ ਨਹੀਂ ਕੀਤਾ।" ਰਿਸਰਚਰਜ਼ ਤੋਂ ਪੁੱਛਿਆ ਕਿ ਕੀ ਉਨ੍ਹਾਂ ਨੇ ਇਹ ਕਦਮ ਆਪਣੀ ਮਰਜ਼ੀ ਨਾਲ ਚੁੱਕਿਆ ਹੈ।" ਦੂਜੇ ਪਾਸੇ ਹਿੰਦੂ ਕਾਰਕੁਨ ਇਸ ਸਮੂਹਿਕ ਧਰਮ ਪਰਿਵਰਤਨ ਤੋਂ ਬੇਚੈਨ ਹਨ।

RSFO
ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ
RSFO

ਮਹਾਰਾਜਾ ਜੱਸਾ ਸਿੰਘ ਰਾਮਗੜੀਆ ਦੇ 300 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ
(10ਵਾਂ ਅੰਤਰਰਾਸ਼ਟਰੀ ਐਵਾਰਡ ਸਮਾਗਮ 2023)
21 ਮਈ 2023, ਦਿਨ ਐਤਵਾਰ; ਸਮਾਂ 9:30 ਸਵੇਰ
ਸਥਾਨ- ਵੈਰਡੀ ਕਨਵੈਨਸ਼ਨ ਸੈਂਟਰ, 3550 ਡੇਰੀ ਰੋਡ (ਈਸਟ) ਮਿਸੀਸਾਗਾ








ਸੀਟ ਰਾਖਵੀ ਕਰਨ ਲਈ ਸੰਪਰਕ ਕਰੋ-
ਦਲਜੀਤ ਸਿੰਘ ਗੈਦੂ (416-305-9878), ਮਨਜੀਤ ਸਿੰਘ ਭੱਚੂ (416-275-2374)
ਅਤੇ ਹਰਦਿਆਲ ਸਿੰਘ ਝੀਤਾ (647-409-8915)
ਰਾਮਗੜੀਆ ਸਿੱਖ ਫਾਉਡੇਸ਼ਨ ਆਫ ਆਨਟਾਰੀਓ- 7956 ਟੋਰਬਰਮ ਰੋਡ ਯੂਨਿਟ ਨੰ. 40 (ਬੀ), ਬਰੈਂਪਟਨ (ਕੈਨੇਡਾ)




THANKS TO ALL TV, RADIO, AND PRINT MEDIA.





ਕੈਨੇਡੀਅਨ ਪੰਜਾਬੀ ਪੋਸਟ | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

# Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਚਾਹਲ ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5 ਫੁੱਟ 9 ਇੰਚ, ਗ੍ਰੈਜੂਏਟ, ਸ਼ਰਾਬ ਨਹੀਂ ਪੀਂਦਾ, ਕੈਨੇਡਾ ਵਿਚ ਵਿਜ਼ਟਿਰ ਵੀਜ਼ਾ ਉਤੇ ਆਇਆ ਹੋਇਆ, ਓਂਟਾਰੀਓ ਵਿਚ ਰਹਿ ਰਿਹਾ, ਭੈਣ ਕੈਨੇਡਾ ਦੀ ਪੀਆਰ, ਸਾਰਾ ਪਰਿਵਾਰ ਕੈਨੇਡਾ ਵਿਚ ਰਹਿ ਰਿਹਾ, ਲਈ ਕੈਨੇਡਾ ਦੀ ਪੀਆਰ, ਵਰਕ ਪਰਮਿਟ ਉਤੇ ਜਾਂ ਸਟੂਡੈਂਟ, ਲੜਕੀ ਦੀ ਲੋੜ ਹੈ। ਫੋਟੋਆਂ ਵਟਸਐਪ ਉਤੇ ਭੇਜ ਸਕਦੇ ਹੋ। ਸੰਪਰਕ: 3438892395, 9053240160

ਬਰੈਂਪਟਨ 'ਚ 4 ਸਾਲ ਤੋਂ ਵਰਕ ਪਰਮਿਟ ਰਿਫਿਊਜੀ ਕੇਸ 'ਤੇ ਰਹਿੰਦੇ ਜੱਟ ਸਿੱਖ, ਨਸ਼ਿਆਂ ਤੋਂ ਰਹਿਤ, ਉਮਰ 31 ਸਾਲ, ਟਰੱਕ ਡਰਾਇਵਰ ਦੀ ਜੌਬ ਕਰਦੇ ਲੜਕੇ ਲਈ ਕੈਨੇਡੀਅਨ ਪੀਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕਸ਼ੁਦਾ ਲੜਕੀ 'ਤੇ ਵੀ ਵਿਚਾਰ ਕੀਤਾ ਜਾਵੇਗਾ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਫੋਨ: 3652284327 ਜਾਂ 4374380242 ਜਾਂ ਵਟਸਅਪ 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.






## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661






## ਲੜਕੇ ਦੀ ਲੋੜ

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com









## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

## CHANGE OF NAME

**I, Manpreet Singh,** son of Malkeet Singh, resident of **House No. 453, Near Mata Rani Mandir, Jawaharke, Mansa, Punjab, India 151505,** and presently residing at **3 Hawkins Dr, Barrie ON L4N 0A5,** do hereby change my name from Manpreet Singh to Manpreet Singh Mann, with immediate effect.

ੴ ਸਤਿਗੁਰ ਪ੍ਰਸਾਦਿ॥


## ਖਾਲਸੇ ਦੇ 324ਵੇਂ ਸਾਜਨਾ ਦਿਵਸ ਨੂੰ ਸਮਰਪਿਤ


ਓਨਟੇਰੀਓ ਗੁਰਦੁਆਰਾਜ਼ ਕਮੇਟੀ ਵੱਲੋਂ

# ਮਹਾਨ ਨਗਰ ਕੀਰਤਨ

## ਮਾਲਟਨ ਗੁਰਦੁਆਰਾ ਸਾਹਿਬ ਤੋਂ ਰੈਕਸਡੇਲ ਗੁਰਦੁਆਰਾ ਸਾਹਿਬ

## 7 ਮਈ ਐਤਵਾਰ






ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ 7 ਮਈ 2023 ਦਿਨ ਐਤਵਾਰ ਸਵੇਰੇ 8:00 ਵਜੇ ਤੋਂ 11:30 ਵਜੇ ਤੱਕ ਮਾਲਟਨ ਗੁਰਦੁਆਰਾ ਸਾਹਿਬ ਵਿਖੇ ਮਹਾਨ ਕੀਰਤਨ ਦਰਬਾਰ ਸਜਣਗੇ। ਦੁਪਹਿਰ ਦੇ 12:30 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਪੂਰੇ ਸ਼ਾਨੋ-ਸ਼ੌਕਤ ਨਾਲ ਨਗਰ ਕੀਰਤਨ ਮੌਰਨਿੰਗਸਟਾਰ ਤੋਂ ਹੁੰਦੇ ਹੋਏ, ਹੰਬਰਵੁੱਡ, ਹੰਬਰਲਾਈਨ, ਫਿੰਚ ਐਵੇਨਿਊ, ਵੁੱਡਬਾਈਨ ਡਾਊਨਜ਼ ਬੁਲੇਵਡ, ਕੈਰੀਅਰ ਡਰਾਈਵ ਤੋਂ ਸਿੱਖ ਸਪਿਰਚੁਅਲ ਸੈਂਟਰ ਰੈਕਸਡੇਲ ਗੁਰਦੁਆਰਾ ਸਾਹਿਬ ਪਹੁੰਚਣਗੇ।

### BUSES PICK UP AND DROP OFF LOCATIONS

- Humber College
- Oakville Gurdwara Sahib
- Mississauga Gurdwara Sahib
- Golden Grocery (Charles Blvd.)
- Nanaksar Gurdwara Sahib (Mclaughlin Rd)
- Dashmesh Darbar Sahib (Gore Road Plaza)
- Dixie & Guru Nanak St (Guru Nanak Mission)
- Fortino Plaza (Mountainash & Bovaird)
- Brampton Gurdwara Sahib (Glidden Road)
- Brampton Gurdwara Sahib (Regan Road)
- Rexdale to Malton Gurdwara Sahib
- Malton to Rexdale Gurdwara Sahib
- Gurdwara Jot Parkash Sahib (William Pkwy.)
- Guru Ravidas Sabha Burlington

- ਸਿਟੀ ਦੇ ਨਵੇਂ ਨਿਯਮਾਂ ਅਨੁਸਾਰ ਨਗਰ ਕੀਰਤਨ ਜਾਂ ਰਸਤੇ ਵਿਚ ਲੰਗਰ ਲਾਉਣ ਸੰਬੰਧੀ ਪਰਮਿਟ ਲੈਣ ਲਈ ਗੁਰਦੁਆਰਾ ਕਮੇਟੀ ਨਾਲ ਸੰਪਰਕ ਕਰੋ।
- ਏਅਰਪੋਰਟ ਰੋਡ ਤੋਂ ਗੋਰਵੇਅ ਡਰਾਈਵ ਕੇਵਲ ਪਾਣੀ ਅਤੇ ਕੋਲਡ ਡਰਿੰਕਸ ਹੀ ਵਰਤਾਏ ਜਾਣ।
- ਸੇਫਟੀ ਨੂੰ ਮੁੱਖ ਰੱਖਦੇ ਹੋਏ ਕੋਈ ਵੀ ਗੈਸ ਵਾਲੇ ਗੁਬਾਰੇ ਨਾ ਵਰਤੇ ਜਾਣ।
- ਰੀਸਾਈਕਲ ਕੀਤੀਆਂ ਜਾਣ ਵਾਲੀਆਂ ਚੀਜ਼ਾਂ ਰੀਸਾਈਕਲ ਬੈਗ ਵਿਚ ਹੀ ਪਾਈਆਂ ਜਾਣ।
- ਵਾਤਾਵਰਣ ਦਾ ਧਿਆਨ ਰੱਖਦੇ ਹੋਏ ਫੋਮ ਦੀ ਬਜਾਏ ਕਾਗਜ਼ ਦੇ ਬਰਤਨਾਂ ਦਾ ਇਸਤੇਮਾਲ ਕੀਤਾ ਜਾਵੇ।




ਸਮੂਹ ਸੰਗਤ ਨੂੰ ਕੇਸਰੀ ਦਸਤਾਰਾਂ ਸਜਾ ਕੇ ਅਤੇ ਕੇਸਰੀ ਦੁਪੱਟੇ ਲੈਕੇ ਆਉਣ ਦੀ ਸਨਿਮਰ ਬੇਨਤੀ ਕੀਤੀ ਜਾਂਦੀ ਹੈ।

### FOR MORE INFORMATION CONTACT:

Sikh Spiritual Centre, Toronto
416-746-6666

Sri Guru Singh Sabha, Malton
905-671-1662

Avtar Singh Vanvait
647-702-4070

Prempal Singh Hamilton
905-905-2310

Amarjit Singh Mann
647-822-3608

Jagtarn Singh Sekhon
416-566-3111

Charanjit Singh
519-572-0802

Inderjit Singh
289-752-7173

Sulinder Singh
416-565-2964

Major Singh
416-858-8011

Gurmail Singh Nirman
416-997-3531

Harvinderpal Singh Ruby
647-629-4041

### FOR TENTS AND STALLS INFORMATION

Malton: Baljinder Singh
647-403-3255

Rexdale: Kashmir Singh Sidhu
416-825-9694